SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL - 7 ISSUE - 25
October 3, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਸਾਹਿਬ ਸ੍ਰੀ ਕਾਸ਼ੀ ਰਾਮ ਜੀ ਨੂੰ ਉਹਨਾਂ ਦੇ ਪ੍ਰੀਨਿਰਵਾਣ ਦਿਵਸ ਤੇ ਨਿਮਰਤਾ ਸਹਿਤ ਸ਼ਰਧਾਂਜਲੀ ਭੇਂਟ ਕਰਦਾ ਹੈ।

## ਬਰਗਾੜੀ ਕਾਂਡ ਕਰਕੇ ਬਾਦਲ ਪਰਿਵਾਰ 'ਤੇ ਸੰਕਟ ਦੇ ਬੱਦਲ





**ਚੰਡੀਗੜ੍ਹ (ਬਿਊਰੋ)-** ਸ਼੍ਰੋਮਣੀ ਅਕਾਲੀ ਦਲ ਵਿੱਚ ਉੱਠੀਆਂ ਬਗ਼ਾਵਤੀ ਸੁਰਾਂ ਕਾਰਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਲਈ ਚੁਣੌਤੀਆਂ ਭਰਪੂਰ ਸਮਾਂ ਸ਼ੁਰੂ ਹੋ ਗਿਆ ਹੈ। ਪਾਰਟੀ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਵੱਲੋਂ ਸਾਰੇ ਅਹੁਦਿਆਂ ਤੋਂ ਅਸਤੀਫਾ ਦੇਣ ਮਗਰੋਂ ਅਕਾਲੀ ਦਲ ਨੇ ਸਾਖ਼ ਬਚਾਉਣ ਲਈ ਭਾਵੇਂ ਪੇਸ਼ਬੰਦੀਆਂ ਸ਼ੁਰੂ ਕੀਤੀਆਂ ਹਨ, ਪਰ ਪਾਰਟੀ ਆਗੂ ਅਜੇ ਵੀ ਦੱਬਵੀਂ ਸੁਰ ਵਿੱਚ ਪ੍ਰਧਾਨ ਅਤੇ ਮਜੀਠੀਆ ਦੀ ਕਾਰਜਸ਼ੈਲੀ 'ਤੇ ਸਵਾਲ ਖੜ੍ਹੇ ਕਰ ਰਹੇ ਹਨ। ਬਾਦਲਾਂ ਸਮੇਤ ਪਾਰਟੀ ਦੇ ਸੀਨੀਅਰ ਆਗੂ ਸ੍ਰੀ ਢੀਂਡਸਾ ਦੇ ਮੁੱਦੇ 'ਤੇ ਚੁੱਪ ਰਹਿਣਾ ਹੀ ਬਿਹਤਰ ਸਮਝ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੰਕਟ ਦੀ ਇਸ ਘੜੀ ਵਿੱਚ ਆਪਣੇ ਪੁੱਤਰ ਦੇ ਬਚਾਅ ਲਈ ਮੈਦਾਨ ਵਿੱਚ ਨਿੱਤਰਨਾ ਪੈ ਰਿਹਾ ਹੈ। ਉਧਰ ਪਾਰਟੀ ਪ੍ਰਧਾਨ ਕੋਈ ਵੀ ਟਿੱਪਣੀ ਕਰਨ ਤੋਂ ਟਾਲਾ ਵੱਟ ਰਹੇ ਹਨ। ਸੂਤਰਾਂ ਮੁਤਾਬਕ ਵੱਡੇ ਬਾਦਲ ਨੇ ਮਾਝੇ ਦੇ ਸੀਨੀਅਰ ਆਗੂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨਾਲ ਖ਼ੁਦ ਗੱਲਬਾਤ ਕਰਦਿਆਂ ਪਾਰਟੀ ਖਿਲਾਫ਼ ਕੋਈ ਫੈਸਲਾ ਨਾ ਲੈਣ ਲਈ ਬੇਨਤੀ ਕੀਤੀ। ਪਾਰਟੀ ਹਲਕਿਆਂ ਦਾ ਦੱਸਣਾ ਹੈ ਕਿ ਸਾਬਕਾ ਮੁੱਖ ਮੰਤਰੀ ਦੀ 'ਬੇਨਤੀ' ਮਗਰੋਂ ਮਾਝੇ ਦੇ ਆਗੂਆਂ ਦੀਆਂ ਸੁਰਾਂ ਮੱਠੀਆਂ ਪਈਆਂ ਹਨ। ਪਾਰਟੀ ਦੇ ਸੀਨੀਅਰ ਆਗੂਆਂ ਕਹਿਣਾ ਹੈ ਕਿ ਕੁਝ ਸੀਨੀਅਰ ਨੇਤਾ 7 ਅਕਤੂਬਰ ਦੀ ਪਟਿਆਲਾ ਰੈਲੀ ਤੋਂ ਬਾਅਦ ਹੀ ਮੂੰਹ ਖੋਲ੍ਹਣਗੇ।

## ਲੇਖਕ ਤੇ ਮੀਡੀਆ ਵਿਸ਼ੇਸ਼ਗ ਡਾ. ਕ੍ਰਿਸ਼ਨ ਕੁਮਾਰ ਰੱਤੂ ਦੀ ਨਵੀ ਕਿਤਾਬ ਰਾਸ਼ਟਰਪਤੀ ਨੂੰ ਭੇਂਟ



**ਨਵੀ ਦਿੱਲੀ (ਬਿਊਰੋ)-** ਪ੍ਰਸਿੱਧ ਲੇਖਕ ਤੇ ਮੀਡੀਆ ਮਾਹਿਰ ਡਾ. ਕ੍ਰਿਸ਼ਨ ਕੁਮਾਰ ਰੱਤੂ ਦੀ ਨਵੀ ਕਿਤਾਬ ਡਿਜਿਟਲ ਜਰਨਲਿਜ਼ਮ ਦੇਸ਼ ਦੇ ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਦ ਜੀ ਨੂੰ ਰਾਸ਼ਟਰਪਤੀ ਭਵਨ ਵਿਖੇ ਭੇਂਟ ਕੀਤੀ ਗਈ। ਰਾਸ਼ਟਰਪਤੀ ਜੀ ਨੇ ਡਾ. ਰੱਤੂ ਨੂੰ ਉਨ੍ਹਾਂ ਦੀ ਇਸ ਮਹੱਤਵਪੂਰਨ ਕਿਤਾਬ ਤੇ ਵਧਾਈ ਦਿੰਦੇ ਹੋਏ ਕਿਹਾ ਕਿ ਅੱਜ ਭਾਸ਼ਾਵਾਂ ਦੇਸ਼ ਨੂੰ ਜੋੜਨ ਦਾ ਕੰਮ ਕਰਦੀਆਂ

(ਬਾਕੀ ਸਫਾ 8 'ਤੇ)



ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ ਕਬੱਡੀ 6ਵਾਂ ਵਰਲਡ ਕਬੱਡੀ ਕੱਪ ਯਾਦਗਾਰੀ ਹੋ ਨਿਬੜਿਆ। (ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11, 12,13 'ਤੇ

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

BERKSHIRE HATHAWAY
Home Services
BH HS
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

Brake Time Auto Repair
6315 Watt Ave. Unit 115
North Highlands, CA. 95660
* Brakes, Suspension, A/C
* Engine Diagnostic, Tune-ups
* Water Pumps, Timing belts
* Performance, 30/60/90K
J. Singh
(916) 800-0400
Open Mon-Fri 2 pm to 9pm
Sat - Sun 9 am to 9pm
Appointments only
Don't wait until it's too late. Come give your car a break at Brake Time
ਇੱਥੇ ਆਟੋ ਰਿਪੇਅਰ ਦਾ ਤਸੱਲੀ ਬਖਸ਼ ਕੰਮ ਕੀਤਾ ਜਾਂਦਾ ਹੈ


SHAHEED BABA DEEP SINGH SPORTS ACADEMY SACRAMENTO
AND CALIFORNIA KABADDI FEDERATION OF USA ANNOUCING
INTERNATIONAL KABADDI CUP
ਇੰਟਰਨੈਸ਼ਨਲ ਕਬੱਡੀ ਕੱਪ 2018
GURDWARA SAHIB BRADSHAW ROAD
Sikh Temple, 7676 Bradshaw Rd. Sacramento CA 95829
2018
Sunday, October 7th, 2018
2018
8 ਗੋਲਡ ਮੈਡਲਾਂ ਨਾਲ ਵਿਸ਼ੇਸ਼ ਸਨਮਾਨ ਕੀਤੇ ਜਾਣਗੇ ।
Baljit Sandhu
Teerath Gakhal
Pala Jalalpur
Sandeep Ambian
Dulla
Khushi
Mangi
Sultan
8 Gold Medals will be Awarded
PRIZE FOR OPEN
1st Prize $15,000
2nd Prize $14,000
3rd Prize $11,000
4th Prize $10,000
ਇਨਾਮਾਂ ਦਾ ਵੇਰਵਾ ਕਬੱਡੀ ਓਪਨ
ਪਹਿਲਾ ਇਨਾਮ
Charda Punjab Club, Sacrmento
ਦੂਜਾ ਇਨਾਮ
ਤੀਜਾ ਇਨਾਮ
RUMMY CHEEMA
SONY KANG
SAM CHAHAL
PAUL DHALIWAL
REBEL ENTERTAINMENT
ਚੌਥਾ ਇਨਾਮ
GARY TOOR
TIRTH TOOR
HARJIT SWAICH
MANJIT SANDHAR
SARDOOL DHILLON
BALVINDER GILL
COMMENTARY
TIGHT SECURITY
ਸ਼ਰਤਾਂ ਦੇ ਨਿਯਮ :
ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ ਤੇ ਲਾਗੂ ਹੋਣਗੀਆਂ ।
ਸਮੂਹ ਭਾਈਚਾਰੇ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋਰ ਰਹੇ ਖੇਡ ਮੇਲੇ ਦੌਰਾਨ ਕੋਈ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖਤ ਮਨ੍ਹਾਂ ਹੈ ।
Kabaddi Clubs California
Bay Area Sports Club
Center Vally Sports Club
Fateh Sports Club
Shaheed Baba Deep Singh Sports Club
ਪੰਜਾਬ ਮੇਲ
LIVE KABADDI
ਅਜੀਤ
PRIZE FOR UNDER 25
1st Prize $3100
1st Prize $2100
CHICAGO'S PIZZA With-A-Twist
PRIZE FOR UNDER 21
1st Prize $2100
1st Prize $1500
Khushi Dirba
Lakha Kotha Jattan
Pala Jalalpur
Dulla Bagga Pind
Pawan Dhillon
Sandeep Surkhpur
Yogi Haryana
Gurpreet Burj Hari
Sethi Harkhowal
Gurlal Ghanour
Sandeep Ludhar
Bana Dhaliwal
Sultan
Mangi Bagga Pind
Ruby Harkhowal
Jatinder Bains
Sandeep Nangal Ambia
Jesse Sahota
Sattu Khadoor Sahib
Yadda Surkhpur
Jesus & Jero
Amrit Duggan
Sukha Bhandal
Pamma Jhandeir
Yaad Kotli
Happy Simply Sahib
Bhoora
Jagga Randhawa
Teji Punia
Junni Gill
Resham Jamarai
Channa Bheta
PLATINUM SPONSORS & WELL WISHERS
Shaheed Baba Deep Singh Sport Academy Sacramento CA
ਲੰਗਰ ਸੇਵਾ ਗਰੁੱਪ
Rupinder Grewal (GTI)
Sardara Kalotia
Eltay Giran
Amrik Khela
Roger Saini
SHAHEED BABA DEEP SINGH SPORTS ACADEMY MEMBERS
Pargat Sandhu
Gurmit Wraich
Tarlochan Atwal
Davinder Singh
Lakhvir Singh Aujla
Narinder Thandi
Balwinder Sandhu
Pindi Sandhu
Pamma Lidhar
Inder
Happy Aulakh
Ginda Palwan
Bhinda Chahal
Ladda Kahlon
Happy Bariana
Bittu Randhawa
Harry Sangha
Randhir Singh Nijjar
Goldy Lally
Paul Bariana
Sukh Kular
Hardeep Dhindsa
Gurjit Deol
Pardeep Varlana
Kulwinder Singh
Design & Print QUIK SIGNS
*661-703-8795 *661-900-7357
WWW.QUIKSIGNS.US
FOR MORE INFO : HAPPY BARIANA 916-240-4110, RANDHIR SINGH NIJJAR 916-416-9527

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com



# Raja

SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



# INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਜਿਮ ਮੈਕਡੋਨਲ ਦੀ ਦੁਬਾਰਾ ਚੋਣ ਕਰਨ ਲਈ ਦੱਖਣੀ ਕੈਲੀਫੋਰਨੀਆ ਦੇ ਸਿਖ ਭਾਈਚਾਰੇ ਦੇ ਨੇਤਾਵਾਂ ਨੇ ਫੰਡਰੇਜ਼ਰ ਦਾ ਆਯੋਜਨ ਕੀਤਾ

**ਲਾਸ ਏਂਜਲਸ, ਕੇਲੀਫੋਰਨੀਆ( ਹੁਸਨ ਲੜੋਆ ਬੰਗਾ)–** ਲਾਸ ਏਂਜਲਸ ਕਾਉਂਟੀ ਸ਼ੈਰਿਫ ਲਈ ਦੁਬਾਰਾ ਤੋਂ ਖੜੇ ਜਿਮ ਮੈਕਡੋਨਲ ਲਈ ਦੱਖਣੀ ਕੈਲੀਫੋਰਨੀਆ ਦੇ ਸਿਖ ਭਾਈਚਾਰੇ ਵਲੋਂ ਫੰਡਰੇਜ਼ਰ ਦਾ ਪ੍ਰਬੰਧ ਕੀਤਾ ਗਿਆ।ਮੈਕਡਨਲ ਦੀ ਅਗਵਾਈ ਵਾਲੀ ਲਾਸ ਏਂਜਲਸ ਕਾਉਂਟੀ ਸ਼ੈਰਿਫ ਵਿਭਾਗ ਦੁਨੀਆ ਦੇ ਸਭ ਤੋਂ ਵੱਡੇ ਸ਼ੈਰਿਫ ਦਾ ਵਿਭਾਗ ਹਨ, ਜਿਸ ਵਿਚ 10,000 ਤੋਂ ਵੱਧ ਕਰਮਚਾਰੀ ਅਤੇ ਵੱਡੇ ਕਾਰਪੋਰੇਸ਼ਨ ਦੇ ਬਜਟ ਦਾ ਆਕਾਰ ਹੈ। ਮੈਕਡੋਨਲ ਚਾਰ ਸਾਲਾਂ ਲਈ ਵਿਭਾਗ ਦੇ ਮੁਖੀ ਰਹੇ ਹਨ। ਆਪਣੇ ਕਾਰਜਕਾਲ ਦੇ ਤਹਿਤ, ਲਾਸ ਏਂਜਲਸ ਵਿੱਚ ਅਪਰਾਧ ਦੀ ਦਰ ਨੂੰ ਕਾਫੀ ਘਟਾਇਆ ਹੈ। ਅਸਲ ਵਿਚ, ਕੰਪਟਨ ਸ਼ਹਿਰ ਚ ਜੁਰਮ ਵਿਚ 40 ਫੀਸਦੀ ਦੀ ਕਮੀ ਆਈਹੈ।ਇਸ ਮੌਕੇ ਮੈਕਡੋਨਲ ਨੇ ਭਾਰਤੀ ਅਮਰੀਕੀ ਭਾਈਚਾਰੇ ਖਾਸ ਕਰਕੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਵਿਭਾਗ ਵਿਚ ਸ਼ਾਮਲ ਹੋਣ। ਉਨ੍ਹਾਂ ਨੇ ਸਿੱਖ ਭਾਈਚਾਰੇ ਦੀ ਪ੍ਰਸ਼ੰਸਾ ਕੀਤੀ ਤੇ ਉਸ ਨੇ ਲਾਸ ਏਂਜਲਸ ਲਈ ਕੀਤੇ ਕੰਮਾਂ ਦਾ



ਵੀ ਖੁਲਾਸਾ ਕੀਤਾ। ਇਸ ਮੌਕੇ ਬੀਰ ਈਸ਼ਵਰ ਸਿੰਘ ਗਰੇਵਾਲ, ਸਾਬ ਸਿੰਘ ਭੁੱਲਰ, ਪਰਮਜੀਤ ਸਿੰਘ ਨਿਝਰ, ਨਛੱਤਰ ਸਿੰਘ ਭੁੱਲਰ, ਗੁਰਬਖਸ ਸਿੰਘ ਭਸੀਨ, ਡਾਇਮੰਡ ਪੈਲੇਸ ਦੇ ਪਾਲ ਸਿੰਘ ਗੋਤਰਾ ਅਤੇ ਹੋਰਾਂ ਨੇ ਵੀ ਸੰਬੋਧਨ ਕੀਤਾ। ਬਾਅਦ ਵਿੱਚ ਮੈਕਡੋਨਲ ਨੇ ਇੱਕ ਖੁੱਲ੍ਹੇ ਸਵਾਲ-ਜਵਾਬ ਵਾਲੇ ਸੈਸ਼ਨ ਦਾ ਆਯੋਜਨ ਕੀਤਾ ਜਿਸ ਵਿੱਚ ਭਾਈਚਾਰੇ ਦੀ ਸੁਰੱਖਿਆ ਅਤੇ ਸੁਰੱਖਿਆ ਅਤੇ ਸ਼ੈਰਫ਼ ਵਿਭਾਗ ਵਿੱਚ ਸ਼ਾਮਲ ਹੋਣ ਦੇ ਸਵਾਲ ਸਨ।ਸਿੱਖ ਆਗੂਆਂ ਨੇ ਕਿਹਾ ਕਿ ਜਿਮ ਮੈਕਡੋਨਲ ਸਾਡੇ ਭਾਈਚਾਰੇ ਲਈ ਹਮੇਸ਼ਾਂ ਖੜੇ ਰਹੇ ਹਨ।ਗਰੇਵਾਲ ਨੇ ਕਿਹਾ ਕਿ ਜਿੱਥੋਂ ਤੱਕ ਮੈਨੂੰ ਪਤਾ ਹੈ, ਚੀਫ ਮੈਕਡਨਲ ਆਪਣੀ ਈਮਾਨਦਾਰੀ ਅਤੇ ਅਖੰਡਤਾ ਲਈ ਜਾਣੇ ਜਾਂਦੇ ਹਨ , ਮੈਕਡੋਨਲ ਨੂੰ ਨਿੱਜੀ ਤੌਰ 'ਤੇ ਜਾਣਦੇ ਹਨ, ਉਨਾਂ ਦੇ ਅਫਸਰਾਂ ਨਾਲ ਨਿੱਜੀ ਸਬੰਧ ਹਨ।ਇਹ ਸਮਾਗਮ ਫੰਡਰੇਜ਼ਿੰਗ ਟੀਚੇ ਨੂੰ 150 ਪ੍ਰਤੀਸ਼ਤ ਤੋਂ ਵੱਧ ਵਧਾਉਣ ਵਿਚ ਕਾਮਯਾਬ ਰਿਹਾ, ਹਾਲਾਂ ਕਿ ਸਹੀ ਅੰਕੜੇ ਨਹੀਂ ਦੱਸੇ ਗਏ।

# ਵਰਲਡ ਸਿੱਖ ਪਾਰਲੀਮੈਂਟ ਨੇ ਆਪਣੇ ਕੰਮਕਾਜ ਦੀ ਕੀਤੀ ਅਰੰਭਤਾ - ਪਹਿਲਾ ਇਤਿਹਾਸਕ ਉਦਘਾਟਨੀ ਸੈਸ਼ਨ ਪੈਰਿਸ ਵਿੱਚ ਹੋਇਆ ਸੰਪੰਨ

ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)– ਵਰਲਡ ਸਿੱਖ ਪਾਰਲੀਮੈਂਟ ਦਾ ਪਹਿਲਾ ਉਦਘਾਟਨੀ ਪੈਰਿਸ ਇਜਲਾਸ ਦੌਰਾਨ ਦੁਨੀਆਂ ਦੇ ਪੰਜ ਖਿੱਤਿਆਂ ਦੇ ਵੱਖ ਵੱਖ ਦੇਸ਼ਾਂ ਜਿਨ੍ਹਾਂ ਵਿੱਚ ਯੂ ਐਸ ਏ, ਇੰਗਲੈਂਡ, ਕਨੇਡਾ, ਫਰਾਂਸ, ਸਪੇਨ, ਹਾਲੈਂਡ, ਜਰਮਨੀ, ਨਿਊਜ਼ੀਲੈਂਡ, ਆਸਟਰੇਲੀਆਂ ਆਦਿ ਦੇਸ਼ਾਂ ਤੋਂ ਨਾਮਜ਼ਦ ਡੈਲੀਗੇਟਾਂ ਨੇ ਹਿੱਸਾ ਲਿਆ ।24 ਘੰਟੇ ਚੱਲੇ ਇਜਲਾਸ ਦੀ ਸ਼ੁਰੂਆਤ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਰਦਾਸ ਕਰਕੇ ਪੰਜ ਪ੍ਰਧਾਨੀ ਪ੍ਰਥਾ ਤਹਿਤ ਪੰਜ ਸਿੰਘਾਂ ਦੀ ਅਗਵਾਈ ਵਿੱਚ ਹੋਈ । ਭਾਰਤ ਤੋਂ ਐਡਵੋਕੇਟ ਅਮਰ ਸਿੰਘ ਚਾਹਲ ਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਧਰਮ ਪਿਤਾ ਗੁਰਚਰਨ ਸਿੰਘ ਅਤੇ ਯੂ. ਕੇ. ਤੋਂ ਭਾਈ ਗੁਰਨਾਮ ਸਿੰਘ ਸਪੈਸ਼ਲ ਆਬਜ਼ਰਵਰ ਦੇ ਰੂਪ ਵਿੱਚ ਸ਼ਾਮਲ ਹੋਏ । ਇਸ ਤੋਂ ਇਲਾਵਾ ਦੇਸ਼ਾਂ ਤੇ ਵਿਦੇਸ਼ਾਂ ਤੋਂ ਹੋਰ ਵੀ ਆਬਜ਼ਰਵਰ ਮੌਜੂਦ ਸਨ । ਇਸ ਮੌਕੇ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਪਾਰਲੀਮੈਂਟ ਮੈਬਰਾਂ ਨੂੰ ਭੇਜਿਆ ਹੋਇਆ ਸੰਦੇਸ਼ ਬਾਪੂ ਗੁਰਚਰਨ ਸਿੰਘ ਵੱਲੋਂ ਪੜ੍ਹਿਆ ਗਿਆ ਜਿਸ ਵਿੱਚ ਜਥੇਦਾਰ ਸਾਹਿਬ ਨੇ ਛੋਟੀਆਂ ਛੋਟੀਆਂ ਪੁਲਾਂਘਾ ਪੁਟਦਿਆਂ ਆਪਣੀ ਮੰਜ਼ਲ ਵਲ ਮਜ਼ਬੂਤੀ ਨਾਲ ਵਧਣ ਦੀ ਪ੍ਰੇਰਨਾ ਕੀਤੀ । ਵਰਲਡ ਸਿੱਖ ਪਾਰਲੀਮੈਂਟ ਦੇ ਇਜਲਾਸ ਵਿੱਚ ਢਾਂਚੇ ਨੂੰ ਇੱਕ ਲੰਬੀ ਵਿਚਾਰ ਤੋਂ ਬਾਅਦ ਪ੍ਰਵਾਨ ਕੀਤਾ ਗਿਆ । ਇਸ ਤੋਂ ਇਲਾਵਾ ਸੁਪਰੀਮ ਐਗਜ਼ੈਕਟਿਵ ਕੌਂਸਲ ਦੇ ਵਿਦੇਸ਼ਾਂ ਵਿਚਲੇ ਨੁਮਾਇੰਦਿਆਂ ਦਾ ਐਲਾਨ ਵੀ ਕੀਤਾ ਗਿਆ ਜੋ ਕਿ ਅਲੱਗ ਅਲੱਗ ਦੇਸ਼ਾਂ ਤੋਂ ਹਨ । ਪਾਰਲੀਮੈਂਟ ਅਧੀਨ ਵੱਖ ਵੱਖ ਮੁੱਦਿਆਂ ਨਾਲ ਸਬੰਧਤ 10 ਕੌਂਸਲਾ ਦੇ ਮੈਂਬਰਾਂ ਦੀ ਵੀ ਨਿਯੁਕਤੀ ਕੀਤੀ ਗਈ ।

ਪਾਰਲੀਮੈਂਟ ਦੇ ਸਲਾਹਕਾਰ ਬੋਰਡ ਦਾ ਭਵਿੱਖ ਵਿੱਚ ਗਠਨ ਕਰਨ ਦਾ ਫੈਸਲਾ ਕੀਤਾ ਗਿਆ ਜਿਨ੍ਹਾਂ ਵਿੱਚ ਵੱਖ ਵਿਸ਼ਿਆਂ ਦੇ ਮਾਹਰ ਗੁਰਸਿੱਖ ਪਾਰਲੀਮੈਂਟ ਦਾ ਕੰਮਕਾਜ ਚਲਾਉਣ ਲਈ ਆਪਣੇ ਵਿਚਾਰ ਦੇ ਸਕਣਗੇ। ਪੰਜਾਬ ਅੰਦਰ ਵਰਲਡ ਸਿੱਖ ਪਾਰਲੀਮੈਂਟ ਦੇ ਮੈਬਰਾਂ ਦੀ ਨਿਯੁਕਤੀ ਲਈ ਹੋਰ ਹੰਭਲਾ ਮਾਰਨ ਦਾ ਵੀ ਪ੍ਰਣ ਕੀਤਾ ਗਿਆ।



ਵਰਲਡ ਸਿੱਖ ਪਾਰਲੀਮੈਂਟ ਦੇ ਮੈਂਬਰਾਂ ਵੱਲੋਂ ਪੰਥਕ ਮੁੱਦਿਆਂ ਦੇ ਵਿਚਾਰਾਂ ਤੋਂ ਬਾਅਦ ਵੱਖ ਵੱਖ ਮਤਿਆਂ ਨੂੰ ਪ੍ਰਵਾਨਗੀ ਦਿੱਤੀ ਗਈ। ਸਿੱਖਾਂ ਨੂੰ ਸਵੈ ਨਿਰਣੇ ਦੇ ਹੱਕ ਵਿੱਚ, ਭਾਰਤ ਸਰਕਾਰ ਵੱਲੋਂ ਸਿੱਖਾਂ ਦੀ ਨਸਲਕੁਸ਼ੀ ਬਾਬਤ, ਹਿੰਦੁਤਵੀ ਫਾਸ਼ੀਵਾਦ ਦੇ ਵਿਰੁੱਧ, ਅਤੇ ਭਾਰਤ ਦੀਆਂ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਲਈ ਮਤੇ ਵੀ ਇਜਲਾਸ ਵਿੱਚ ਪਾਸ ਕੀਤੇ ਗਏ ।ਐਤਵਾਰ ਨੂੰ ਪੈਰਿਸ ਦੇ ਗੁਰਦੁਆਰਾ ਸਾਹਿਬ ਬੋਬੀਨੀ ਵਿੱਚ ਦੀਵਾਨ ਸਜਿਆ ਜਿਸ ਵਿੱਚ ਦੇਸ਼ ਵਿਦੇਸ਼ ਤੋਂ ਬੁਲਾਰਿਆਂ ਨੇ ਪੰਥਕ ਮਸਲਿਆਂ ਉੱਤੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪੰਜਾਬ ਤੋਂ ਭਾਈ ਨਰਾਇਣ ਸਿੰਘ ਚੌੜਾ ਵੱਲੋਂ ਭੇਜਿਆ ਗਿਆ ਸੁਨੇਹਾ ਵੀ ਪੜ੍ਹਿਆ ਗਿਆ। ਸਵੈ ਨਿਰਣੇ ਦੇ ਹੱਕ ਸਬੰਧੀ ਵੀ ਮਤੇ ਸੰਗਤਾਂ ਸਨਮੁਖ ਪ੍ਰਵਾਨਗੀ ਲਈ ਰੱਖੇ ਗਏ। ਪੰਜ ਖਿੱਤਿਆ ਤੋਂ ਆਏ ਬੁਲਾਰਿਆ ਨੇ ਆਪਣੇ ਵਿਚਾਰ ਸੰਗਤਾਂ ਅੱਗੇ ਰੱਖੇ। ਸੰਗਤਾਂ ਦੀ ਪ੍ਰਵਾਨਗੀ ਲਈ ਹੇਠ ਲਿਖੇ ਮਤੇ ਪੜ੍ਹੇ ਗਏ ਜਿਨ੍ਹਾਂ ਨੂੰ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨ ਕੀਤਾ।

ਮਤਾ ਨੰਬਰ ਇੱਕ:ਵਰਲਡ ਸਿੱਖ ਪਾਰਲੀਮੈਂਟ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਬਰਗਾੜੀ, ਬਹਿਬਲਕਲਾਂ ਤੇ ਕੋਟਕਪੂਰੇ ਵਿੱਚ ਸ਼ਾਂਤਮਈ ਰੋਸ ਕਰ ਰਹੀਆਂ ਸੰਗਤਾਂ ਉੱਤੇ ਗੋਲੀ ਚਲਾ ਕੇ ਸ਼ਹੀਦ ਕੀਤੇ ਸਿੰਘਾਂ ਦਾ ਇਨਸਾਫ ਸਰਕਾਰ ਤੋਂ ਲੈਣ ਦੀ ਬਜਾਏ ਖਾਲਸਾ ਪੰਥ ਇੱਕ ਨਿਸ਼ਾਨ ਸਾਹਿਬ ਥੱਲੇ ਇਕੱਤਰ ਹੋ ਕੇ ਖਾਲਸਈ ਰਵਾਇਤਾਂ ਅਨੁਸਾਰ ਆਪਣੇ ਹੱਕ ਲੈਣ ਲਈ ਠੋਸ ਪ੍ਰੋਗਰਾਮ ਉਲੀਕੇ । ਵਰਲਡ ਸਿੱਖ ਪਾਰਲੀਮੈਂਟ ਦੇਸ਼ਾਂ ਵਿਦੇਸ਼ਾਂ ਵਿੱਚ ਇੱਕ ਮੁਹਿੰਮ ਚਲਾਏਗੀ ਤਾਂ ਕਿ ਬੇਅਦਬੀ ਅਤੇ ਸ਼ਹੀਦਾਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾ ਸਕੇ ।

ਮਤਾ ਨੰਬਰ ਦੋ:ਵਰਲਡ ਸਿੱਖ ਪਾਰਲੀਮੈਂਟ ਦੇਸ਼ ਵਿਦੇਸ਼ ਦੇ ਸਮੂਹ ਗੁਰਦੁਆਰਾ ਪ੍ਰਬੰਧਕਾਂ ਤੇ ਆਮ ਸੰਗਤਾਂ ਨੂੰ ਬੇਨਤੀ ਕਰਦੀ ਹੈ ਕਿ ਉਹ ਗੁਰੂ ਸਾਹਿਬ ਜੀ ਦੀਆਂ ਬੇਅਦਬੀਆਂ ਨੂੰ ਰੋਕਣ ਲਈ ਗੁਰੂ ਘਰਾਂ ਵਿੱਚ ਸੁਰੱਖਿਆ ਦੇ ਮਜ਼ਬੂਤ ਪ੍ਰਬੰਧ ਕਰਨ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਬੇਅਦਬੀਆਂ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਈ ਜਾ ਸਕੇ । ਸਾਡੀ ਬੇਨਤੀ ਹੈ ਕਿ ਜਦੋਂ ਨਵੇਂ ਸਰੂਪ ਸੰਗਤਾਂ ਜਾਂ ਗੁਰਦੁਆਰਿਆ ਨੂੰ ਦਿੱਤੇ ਜਾਣ ਤਾਂ ਉਹਨਾਂ ਦਾ ਇੱਕ ਲਿਖਤੀ ਰਿਕਾਰਡ ਬਣਾਇਆ ਜਾਵੇ।

ਮਤਾ ਨੰਬਰ ਤਿੰਨ:ਸਿੰਘ ਸਾਹਿਬ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਅਦਬੀਆਂ ਦੀਆ ਘਟਨਾਵਾਂ ਤੇ ਤਿੰਨ ਸਾਲ ਹੋਣ ਤੇ ਸਾਰੀ ਦੁਨੀਆਂ ਦੀਆਂ ਗੁਰਦੁਆਰਾ ਕਮੇਟੀਆਂ ਨੂੰ ਸਹਿਜ ਪਾਠ ਜਾਂ ਅਖੰਡ ਪਾਠ ਸ਼ੁਰੂ ਕੀਤੇ ਜਾਣ ਜਿਨ੍ਹਾਂ ਦੇ ਭੋਗ 11 ਅਕਤੂਬਰ ਨੂੰ ਪਾ ਕੇ ਸਾਰੀ ਮਨੁੱਖਤਾ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਜਾਵੇ।

ਮਤਾ ਨੰਬਰ ਚਾਰ:ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ੫੫੦ਵੇਂ ਪ੍ਰਕਾਸ਼ ਦਿਹਾੜੇ ਤੇ ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਦਾ ਲਾਂਘਾਂ ਖੋਲਣ ਦੀ ਦਿਖਾਈ ਫਰਾਖ ਦਿਲੀ ਦੀ ਸ਼ਲਾਘਾ ਕਰਦੀ ਹੈ । ਸਿੱਖ ਰੋਜ਼ਾਨਾ 'ਸਿੱਖਾਂ ਨਾਲੋਂ ਵਿਛੋੜੇ ਗਏ ਗੁਰਧਾਮਾਂ ਦੇ ਦਰਸ਼ਨ ਦੀਦਾਰਿਆਂ' ਲਈ ਗੁਰੂ ਸਾਹਿਬ ਅੱਗੇ ਅਰਦਾਸ ਕਰਦੇ ਹਨ । ਭਾਰਤ ਸਰਕਾਰ ਵੱਲੋਂ ਲਾਂਘੇ ਦਾ ਵਿਰੋਧ ਕਰਨਾ ਸਿੱਖਾਂ ਦੀ ਅਰਦਾਸ ਦੇ ਵਿਰੋਧ ਵਿੱਚ ਖੜ੍ਹਨਾ ਹੈ । ਅਕਾਲੀ ਦਲ ਬਾਦਲ ਵੱਲੋਂ ਕਰਤਾਰ-ਪੁਰ ਸਾਹਿਬ ਦੇ ਲਾਂਘੇ ਦਾ ਵਿਰੋਧ ਕਰਨ ਦੀ ਵਰਲਡ ਸਿੱਖ ਪਾਰਲੀਮੈਂਟ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ ।

ਮਤਾ ਨੰਬਰ ਪੰਜ:ਵਰਲਡ ਸਿਖ ਪਾਰਲੀਮੈਂਟ ਜੇਲ੍ਹਾਂ ਵਿੱਚ ਲੰਮੇ ਸਮੇਂ ਤੋਂ ਬੰਦ ਰਾਜਸੀ ਸਿੱਖ ਕੈਦੀਆਂ ਦੀ ਰਿਹਾਈ ਲਈ ਉਪਰਾਲੇ ਕਰਨ ਦੀ ਪੁਰਜ਼ੋਰ ਬੇਨਤੀ ਕਰਦੀ ਹੈ । ਬੰਦੀ ਸਿੰਘਾਂ ਦੀ ਰਿਹਾਈ ਤੇ ਉਹਨਾਂ ਦੇ ਪਰਿਵਾਰਾਂ ਅਤੇ ਉਹਨਾਂ ਦੇ ਮੁੜ ਵਸੇਬੇ ਬਾਰੇ ਉੱਦਮ ਉਪਰਾਲੇ ਕਰ ਰਹੀਆਂ ਸੰਸਥਾਵਾਂ ਦਾ ਸਿੱਖ ਕੌਮ ਪਹਿਲ ਦੇ ਅਧਾਰ ਉੱਤੇ ਸਾਥ ਦੇਵੇ।

ਮਤਾ ਨੰਬਰ ਛੇ:ਵਰਲਡ ਸਿੱਖ ਪਾਰਲੀਮੈਂਟ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰਬ ਸਾਂਝੀਵਾਲਤਾਂ ਦੇ ਉਪਦੇਸ਼ਾਂ ਅਨੁਸਾਰ ਰੰਘਰੇਟੇ ਗੁਰੂ ਕੇ ਬੇਟੇ, ਦਲਿਤ ਭਾਈਚਾਰੇ ਦੇ ਨਾਲ-ਨਾਲ ਸਿਕਲੀਗਰ ਵਣਜਾਰਿਆਂ ਨੂੰ ਸਿੱਖ ਪੰਥ ਨਾਲ ਜੋੜਨ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਤੇ ਇਸ ਪ੍ਰਤੀ ਸੇਵਾ ਨਿਭਾ ਰਹੀਆ ਸੰਸਥਾਵਾਂ ਦਾ ਸਹਿਯੋਗ ਕਰਨ ਦੀ ਵੀ ਬੇਨਤੀ ਕਰਦੀ ਹੈ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com


# ਰਜੀਆ ਗੋਲਡਨ ਉਲੰਪਿਕ ਵਿੱਚ ਪੰਜਾਬੀਆਂ ਦੀ ਰਹੀ ਸਰਦਾਰੀ

**ਫਰਿਜ਼ਨੋ (ਕੈਲੇਫੋਰ-ਨੀਆਂ) ਨੀਟਾ ਮਾਛੀਕੇ/ਕੁਲਵੰਤ ਧਾਲੀਆਂ –** 36ਵੀਆਂ ਜੌਰਜੀਆ ਸੀਨੀਅਰ ਗੋਲਡਨ ਉਲੰਪਿਕ ਖੇਡਾਂ ਸਤੰਬਰ 26 ਤੋਂ ਲੈਕੇ 29 ਤੱਕ ਵਾਰਨਰ ਰੌਬਿੰਜ਼ ਜੌਰਜੀਆ ਯੂ ਐਸ ਏ ਵਿੱਚ ਹੋਈਆ, ਜਿੱਥੇ ਹਮੇਸ਼ਾਂ ਦੀ ਤਰਾਂ ਫਰਿਜ਼ਨੋ ਦੇ ਸੀਨੀਅਰ ਚੋਬਰਾਂ ਨੇ ਫੇਰ ਪੰਜਾਬੀ ਭਾਈਚਾਰੇ ਦਾ ਨਾਮ ਚਮਕਾਇਆ। ਫਰਿਜ਼ਨੋ ਨਿਵਾਸੀ ਗੁਰਬਖਸ਼ ਸਿੰਘ ਸਿੱਧੂ ਨੇ ਹੈਂਮਰ ਥਰੋ ਵਿੱਚ ਗੋਲ਼ਡ ਮੈਡਲ ਜਿੱਤਿਆ 'ਤੇ ਫਰਿਜ਼ਨੋ ਦੇ ਸੁਖਨੈਂਣ ਸਿੰਘ ਨੇ ਟਰਿੱਪਲ ਜੰਪ ਵਿੱਚ ਬਰੌਨਜ਼ ਮੈਡਲ ਜਿੱਤਿਆ। ਇਸੇ ਤਰਾਂ ਵਾਰਨਰ ਰੌਬਿੰਨ ਨਿਵਾਸੀ ਦਰਸ਼ਨ ਸਿੰਘ ਭੁੱਲਰ ਨੇ 400 ਮੀਟਰ ਰੇਸ ਵਿੱਚ ਸਿਲਵਰ ਮੈਡਲ ਆਪਣੇ ਨਾਮ ਕੀਤਾ। ਇਹ ਖੇਡਾਂ 2019 ਵਿੱਚ ਨੈਸ਼ਨਲ ਸੀਨੀਅਰ ਗੇਮਜ਼ ਅਲਬਾਕਰਕੀ ਨਿਊਮੈਕਸੀਕੋ ਲਈ ਕੁਆਲੀਫਾਈ ਗੇਮਾਂ ਵੀ ਸਨ।




## Matrimonials

### ਲੜਕੀ ਦੀ ਲੋੜ

27 ਸਾਲਾ ਸਾਊਦੀ ਅਰਬ ਗਏ ਹੋਏ ਲੜਕੇ ਲਈ ਵਿਦੇਸ਼ ਵਿਚ ਸੈਟਲ ਲੜਕੀ ਦੀ ਲੋੜ ਹੈ। ਲੜਕੇ ਦਾ ਗੋਤ ਵੜੈਚ, ਪਿੰਡ ਅਮਲੋਹ, ਕੱਦ 6 ਫੁੱਟ, ਸੋਹਣਾ ਸੁਨੱਖਾ ਵੈਸ਼ਨੋ ਹੈ। ਚਾਹਵਾਨ ਸੰਪਰਕ ਕਰਨ ਜਸਵੀਰ ਰਾਣਾ 91-98156-59220

Suitable Match Required For RAVIDASIA
Beautiful & Smart Girl 03-11-90 Ht.5'-4"
M.Sc. Biotechnology. (IELTS 6 BAND) Presently on
Teaching job in Pvt.Inst. Contact NRI only.
Minimum Degree (Med/Non-Med/Engg.) Doaba Area Preffered
Family Detail:
Father: Civil Engineer, Mother: House Wife
2 Brothers: (Civil Engineers)
Cell: +91-9877505351,
WhatsApp: +91-8054208733

# ਸਿੱਖ ਅੰਤਰ-ਰਾਸ਼ਟਰੀ ਕੌਂਸਲ ਅਮਰੀਕਾ ਤੇ ਪੰਜਾਬੀ ਫਾਊਂਡੇਸ਼ਨ ਵਲੋਂ ਹੜ੍ਹ ਪੀੜਤਾਂ ਦੀ ਮਦਦ ਕੀਤੀ

**ਨਿਊਯਾਰਕ (ਰਾਜ ਗੋਗਨਾ)–** ਬੀਤੇਂ ਦਿਨਾਂ ਅਮਰੀਕਾ ਨਾਰਥ ਕੈਰੋਲੀਨਾ ਅਤੇ ਦੇ ਕਈ ਸ਼ਹਿਰ ਹੜ੍ਹ ਪ੍ਰਭਾਵਿਤ ਹੋਏ ਹਨ, ਜਿਨ੍ਹਾਂ ਲਈ ਸਿੱਖ ਕਮਿਊਨਿਟੀ ਮਦਦ ਲਈ ਅੱਗੇ ਆਈ ਹੈ। ਸਿੱਖ ਅੰਤਰ-ਰਾਸ਼ਟਰੀ ਕੌਂਸਲ ਅਮਰੀਕਾ ਤੇ ਪੰਜਾਬੀ ਫਾਊਂਡੇਸ਼ਨ ਦੇ ਸਾਂਝੇ ਸਹਿਯੋਗ ਨਾਲ ਹੜ੍ਹ ਪੀੜਤਾਂ ਲਈ ਇੱਕ ਟਰੱਕ ਲੈ ਕੇ ਨਾਰਥ ਕੈਰੋਲੀਨਾ ਬਖਸ਼ੀਸ਼ ਸਿੰਘ ਪ੍ਰਧਾਨ ਸਿੱਖ ਅੰਤਰ-ਰਾਸ਼ਟਰੀ ਕੌਂਸਲ ਅਮਰੀਕਾ ਅਤੇ ਗੁਰਚਰਨ ਸਿੰਘ ਅੰਤਰ-ਰਾਸ਼ਟਰੀ ਪੰਜਾਬੀ ਫਾਊਂਡੇਸ਼ਨ ਕਨੇਡਾ ਸਾਂਝੇ ਤੌਰ ਤੇ ਮਦਦ ਸਮੱਗਰੀ ਲੈ ਕੇ ਪਹੁੰਚੇ। ਜਿੱਥੇ ਉਨ੍ਹਾਂ ਹੜ੍ਹ ਪੀੜਤਾਂ ਨੂੰ ਕੰਬਲ, ਘਰੇਲੂ ਵਰਤਣ ਵਾਲੀਆਂ ਚੀਜ਼ਾਂ ਅਤੇ ਭੋਜਨ ਸਮੱਗਰੀ ਮੁਹੱਈਆ ਕਰਵਾਈ। ਜਿੱਥੇ ਹੜ੍ਹ






ਪੀੜਤਾਂ ਵਲੋਂ ਇਨ੍ਹਾਂ ਦਾ ਧੰਨਵਾਦ ਕੀਤਾ ਗਿਆ, ਉੱਥੇ ਸਿੱਖਾਂ ਵਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਵੀ ਕੀਤੀ ਹੈ। ਜ਼ਿਕਰਯੋਗ ਹੈ ਕਿ ਸਿੱਖ ਅੰਤਰ-ਰਾਸ਼ਟਰੀ ਕੌਂਸਲ ਅਮਰੀਕਾ ਅੱਖਾਂ ਦੇ ਕੈਂਪ ਅਤੇ ਲੰਗਰ ਆਦਿ ਪਾਕਿਸਤਾਨ ਗੁਰੂਘਰ ਖਾਸ ਕਰਕੇ ਨਨਕਾਣਾ ਸਾਹਿਬ ਹਰ ਸਾਲ ਲਗਾਉਂਦੀ ਹੈ। ਜਿੱਥੇ ਇਹ ਸੰਸਥਾ ਲੋੜਵੰਦਾਂ ਅਤੇ ਗਰੀਬਾਂ ਦਾ ਮਸੀਹਾ ਬਣਕੇ ਅੱਗੇ ਆ ਰਹੀ ਹੈ, ਉੱਥੇ ਰਾਜ ਖਾਲਸਾ ਗੁਰੂਘਰ ਅਤੇ ਗੁਰਦੁਆਰਾ ਗਿਆਨ ਸਾਗਰ ਵਲੋਂ ਵੀ ਯੋਗਦਾਨ ਪਾਇਆ ਜਾ ਰਿਹਾ ਹੈ। ਗੁਰਚਰਨ ਸਿੰਘ ਕਨੇਡਾ ਅਤੇ ਬਖਸ਼ੀਸ਼ ਸਿੰਘ ਅਮਰੀਕਾ ਜੋ ਇਸ ਅੰਤਰ-ਰਾਸ਼ਟਰੀ ਕੌਂਸਲ ਦੇ ਮੁਖ ਨਾਇਕ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਉਹ ਹਰੇਕ ਮੁਸ਼ਕਲ ਘੜੀ ਵਿੱਚ ਮਾਨਵਤਾ ਦੀ ਸੇਵਾ ਕਰਨਗੇ।

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਾਸਿਕ ਇਕੱਤਰਤਾ ਹੋਈ

**ਸੈਕਰਾਮੈਂਟੋ–** ਬੀਤੀ 30 ਸਤੰਬਰ ਨੂੰ ਮਾਉਂਨਟੇਨ ਮਾਈਕ ਪੀਜਾ ਸੈਕਰਾਮੈਂਟੋ ਵਿਖੇ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਾਸਿਕ ਇਕੱਤਰਤਾ ਹੋਈ, ਜਿਸ ਵਿਚ ਫਕੀਰ ਸਿੰਘ ਮੱਲ੍ਹੀ, ਹਰਬੰਸ ਸਿੰਘ ਜਗਿਆਸੂ, ਜਸਵੰਤ ਜੱਸੀ ਸ਼ੀਮਾਰ, ਹਰਭਜਨ ਸਿੰਘ ਢੇਰੀ, ਇੰਦਰਜੀਤ ਗਰੇਵਾਲ ਅਤੇ ਜੀਵਨ ਰੱਤੂ ਨੇ ਹਾਜ਼ਰੀ ਲਵਾਈ। ਸਭ ਤੋਂ ਪਹਿਲਾਂ ਵਿਚਾਰ ਵਟਾਂਦਰੇ ਕਰਦਿਆਂ ਇਹ ਮਤਾ ਪਾਸ ਕੀਤਾ ਗਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਜਿਹੜੀ ਕਿ ਪੰਜਾਬ ਦੀ ਦੇਣ ਹੈ ਅਤੇ ਪੰਜਾਬੀਆਂ ਵਾਸਤੇ ਹੈ, ਉਥੇ ਹੁਣ ਪੰਜਾਬੀ ਮਾਂ-ਬੋਲੀ ਨਾਲ ਧੱਕਾ ਕਰਕੇ ਸਾਜਿਸ਼ਾਂ ਰਾਹੀਂ ਖਤਮ ਕਰਕੇ ਪੰਜਾਬੀ ਮਾਂ-ਬੋਲੀ ਨੂੰ ਖਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਹ ਧੱਕਾ ਬਿਲਕੁਲ ਬੰਦ ਹੋਣਾ ਚਾਹੀਦਾ ਹੈ। ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਯੂਬਾ ਸਿਟੀ, ਸੈਕਰਾਮੈਂਟੋ ਇਸ ਨਾਪਾਕ ਇਰਾਦਿਆਂ ਦੀ ਨਿਖੇਧੀ ਕਰਦੀ ਹੈ। ਆਸ ਕਰਦੀ ਹੈ ਕਿ ਪੰਜਾਬੀ ਮਾਂ-ਬੋਲੀ ਦਾ ਸਨਮਾਨ ਪਹਿਲਾਂ



ਦੀ ਤਰ੍ਹਾਂ ਹੀ ਬਰਕਰਾਰ ਰਹਿਣਾ ਚਾਹੀਦਾ ਹੈ। ਇਸ ਪਿੱਛੋਂ ਹਰਭਜਨ ਢੇਰੀ ਹੋਰਾਂ ਦੱਸਿਆ ਕਿ ਯੂਬਾ ਸਿਟੀ ਸਿੱਖ ਟੈਂਪਲ ਵਿਖੇ ਇਸ ਵਾਰ ਵੀ ਸ਼ਾਮ ਨੂੰ ਹਮੇਸ਼ਾ ਦੀ ਤਰ੍ਹਾਂ 20 ਅਕਤੂਬਰ ਨੂੰ ਕਵੀ ਦਰਬਾਰ ਹੋਵੇਗਾ।

ਜਸਵੰਤ ਸ਼ੀਮਾਰ ਨੇ ਇਹ ਜਾਣਕਾਰੀ ਦਿੰਦੇ ਹੋਏ ਆਖਿਆ ਕਿ ਕੈਨੇਡਾ ਪੰਜਾਬ ਭਵਨ ਵਿਖੇ ਜੋ ਹਰੇਕ ਸਾਲ ਸੁੱਖੀ ਬਾਠ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਦਿਆਂ ਪ੍ਰੋਗਰਾਮ ਕਰਵਾਉਂਦੇ ਹਨ, ਉਹ ਇਸ ਵਰ ਦਾ 28 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਪੀਜ਼ਾ ਬਰੇਕ ਤੋਂ ਬਾਅਦ ਕਵੀ ਦਰਬਾਰ ਵਿਚ ਹਰਬੰਸ ਸਿੰਘ ਜਗਿਆਸੂ, ਜਸਵੰਤ ਜੱਸੀ ਸ਼ੀਮਾਰ, ਹਰਭਜਨ ਢੇਰੀ, ਜੀਵਨ ਰੱਤੂ, ਫਕੀਰ ਸਿੰਘ ਮੱਲ੍ਹੀ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ ਪਰ ਇੰਦਰਜੀਤ ਗਰੇਵਾਲ ਨੇ ਆਪਣੇ ਗੀਤਾਂ ਦੀ ਛਹਿਬਰ ਲਾ ਕੇ ਮਾਹੌਲ ਨੂੰ ਆਨੰਦਮਈ ਬਣਾ ਦਿੱਤਾ। ਅੰਤ ਵਿਚ 20 ਅਕਤੂਬਰ ਨੂੰ ਯੂਬਾ ਸਿਟੀ ਕਵੀ ਦਰਬਾਰ ਵਿਚ ਮਿਲਣ ਦਾ ਵਾਅਦਾ ਕਰਕੇ ਮੀਟਿੰਗ ਦੀ ਸਮਾ-ਪਤੀ ਕੀਤੀ ਗਈ।

# ਐਸ.ਸੀ.ਐਸ.ਟੀ.ਐਕਟ ਤਹਿਤ ਪਰਚਾ ਦਰਜ ਹੋਣ ਦੇ ਬਾਵਜੂਦ ਗ੍ਰਿਫਤਾਰ ਨਾ ਕਰਨ ਲਈ ਮੰਗ ਪੱਤਰ

**ਜਲੰਧਰ–** ਅੰਬੇਡਕਰਾਇਟ ਲੀਗਲ ਫੋਰਮ ਜਲੰਧਰ ਵੱਲੋਂ ਐਸ. ਐਸ. ਪੀ. ਜਲੰਧਰ ਨੂੰ ਇਕ ਮੰਗ ਪੱਤਰ ਦਿੱਤਾ ਗਿਆ ਹੈ, ਜਿਸ ਵਿਚ ਉਹਨਾਂ ਨੇ ਕਿਹਾ ਕਿ ਦਰਖਾਸਤ ਕਰਤਾ ਪੂਜਾ ਦੇਵੀ ਪੁੱਤਰੀ ਦਲਵੀਰ ਸਿੰਘ ਵਾਸੀ ਪਿੰਡ ਹਰੀਪੁਰ, ਆਦਮਪੁਰ, ਜਲੰਧਰ ਵੱਲੋਂ ਦਿੱਤੀ ਹੋਈ ਦਰਖਾਸਤ ਤੇ ਪੁਲਿਸ ਥਾਣਾ ਆਦਮਪੁਰ ਵਿਚ 20 ਸਤੰਬਰ ਨੂੰ ਐਫ. ਆਈ. ਆਰ. ਕੁੱਟਣ ਮਾਰਨ ਅਤੇ ਜਾਤੀਸੂਚਕ ਸ਼ਬਦ ਕਹਿਣ ਵਿਰੁੱ ਧਦਰਜ ਹੋਈ ਸੀ।




ਉਪਰੋਕਤ ਐਫ. ਆਈ. ਆਰ. ਦਰਖਾਸਤ ਕਰਤਾ ਦੀ ਬਹੁਤ ਮੁਸ਼ੱਕਤ ਕਰਨ ਦੇ ਬਾਦ ਦੇਰ ਰਾਤ ਤਕਰੀਬਨ 12.45 ਵਜੇ ਦਰਜ ਕੀਤੀ ਗਈ। ਪਰ ਹੁਣ ਤੱਕ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ।

ਮੰਗ ਪੱਤਰ ਵਿਚ ਕਿਹਾ ਗਿਆ ਕਿ ਪੁਲਿਸ ਵੱਲੋਂ ਇਹ ਢਿੱਲਮੱਠ ਵਾਲਾ ਰਵੱਈਆ ਇਸ ਲਈ ਅਪਣਾਇਆ ਜਾ ਰਿਹਾ ਹੈ ਕਿਉਂਕਿ ਦੋਸ਼ੀਆਂ ਦਾ ਸਬੰਧ ਰਸੂਖਦਾਰ ਅਤੇ ਸਿਆਸੀ ਲੋਕਾਂ ਨਾਲ ਹੈ।

ਇਸ ਮੌਕੇ 'ਤੇ ਅੰਬੇਡਕਰਾਇਟ ਲੀਗਲ ਫੋਰਮ ਜਲੰਧਰ ਨੇ ਦਰਖਾਸਤਕਰਤਾ ਪੂਜਾ ਦੇਵੀ ਨੂੰ ਇਨਸਾਫ ਦਿਵਾਉਣ ਅਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ।

ਪ੍ਰੈਸ ਨੂੰ ਇਹ ਜਾਣਕਾਰੀ ਐਡਵੋਕੇਟ ਸੂਰਜ ਪ੍ਰਕਾਸ਼ ਲਾਡੀ ਅਤੇ ਐਡਵੋਕੇਟ ਸੰਜੇ ਜਾਂਗੜਾ (ਪ੍ਰੈਸ ਸਕੱਤਰ) ਨੇ ਜਾਰੀ ਕੀਤੀ।

# ਧੀਆਂ ਮਰਜਾਣੀਆਂ ਫ਼ਿਲਮ ਨੂੰ ਬੈਸਟ ਰਿਜਨਲ ਫ਼ਿਲਮ ਅਵਾਰਡ ਮਿਲਿਆ

**ਮਾਊਂਟਿਨਵਿਊ (ਕੈਲੇਫੋਰਨੀਆਂ) ਨੀਟਾ ਮਾਛੀਕੇ /ਕੁਲਵੰਤ ਧਾਲੀਆਂ –** ਬੇ-ਏਰੀਏ ਦੇ ਖ਼ੂਬਸੂਰਤ ਸ਼ਹਿਰ ਮਾਊਂਟਿਨਵਿਊ ਦੇ ਸੈਂਟਰ ਫਾਰ ਦੀ ਪਰਫੌਰਮਿੰਗ ਆਰਟਸ ਵਿੱਚ ਲੰਘੇ ਐਂਤਵਾਰ ਬੇ-ਏਰੀਆ ਸਾਊਥ ਏਸ਼ੀਅਨ ਫ਼ਿਲਮ ਫਿਸਟੀਵਲ ਕਰਵਾਇਆ ਗਿਆ। ਇਸ ਫ਼ਿਲਮ ਫਿਸਟੀਵਲ ਵਿੱਚ ਹਿੱਸਾ ਲੈਣ ਲਈ ਫ਼ਿਲਮ ਜਗਤ ਦੀਆਂ ਉੱਘੀਆਂ ਸ਼ਖ਼ਸੀਅਤਾ ਮਜੂਦ ਸਨ। ਇਸ ਫ਼ਿਲਮ ਫਿਸਟੀਵਲ ਵਿੱਚ ਪੰਜਾਬੀ ਜ਼ੁਬਾਨ ਲਈ ਮਾਣ ਵਾਲੀ ਗੱਲ ਇਹ ਰਹੀ ਕਿ ਉੱਘੇ ਅਦਾਕਾਰ ਤੇ ਨਿਰਦੇਸ਼ਕ ਅਸ਼ੋਕ ਟਾਂਗਰੀ ਦੁਆਰਾ ਡਾਇਰੈਕਟ ਕੀਤੀ ਪੰਜਾਬੀ ਫ਼ਿਲਮ ਧੀਆਂ ਮਰਜਾਣੀਆਂ ਨੂੰ ਬਿਸਟ ਰਿਜਨਲ ਫ਼ਿਲਮ ਅਵਾਰਡ ਮਿਲਿਆ । ਇਸ ਫ਼ਿਲਮ ਦੇ ਨਿਰਮਾਤਾ ਰੇਅ ਵਾਲੀਆ ਤੇ ਕੇ ਵਾਲੀਆ ਹਨ। ਇਹ ਫ਼ਿਲਮ




ਪਹਿਲਾਂ ਵੀ ਦੁਨੀਆਂ ਪੱਧਰ ਦੇ ਫਿਲਮ ਫਿਸਟੀਵਲਾ 'ਚ ਤਕਰੀਬਨ 10 ਦੇ ਕਰੀਬ ਅਵਾਰਡ ਜਿੱਤ ਚੁੱਕੀ ਹੈ। ਇਹ ਫ਼ਿਲਮ ਮਰਹੂਮ ਡਾ. ਅਜਮੇਰ ਸਿੰਘ ਔਲਖ ਦੇ ਨਾਟਕ ਨਿਊ ਜੜ੍ਹਾਂ ਤੇ ਆਧਾਰਿਤ ਬਣੀ ਹੋਈ ਹੈ। ਇਸ ਫ਼ਿਲਮ ਵਿੱਚ ਮੁੱਖ ਐਕਟਰ ਦਾ ਰੋਲ ਵੀ ਮਸਹੂਰ ਐਕਟਰ ਤੇ ਡਾਇਰੈਕਟਰ ਅਸ਼ੋਕ ਟਾਂਗਰੀ ਵੱਲੋਂ ਨਿਭਾਇਆ ਗਿਆ ਹੈ। ਇਸ ਤੋਂ ਬਿਨਾ ਕੇ ਵਾਲੀਆ, ਡਿੰਪਲ ਬੈਂਸ, ਰੇਅ ਵਾਲੀਆ, ਰੂਪਨ ਬੱਲ ਆਦਿ ਨੇ ਇਸ ਫ਼ਿਲਮ ਵਿੱਚ ਮੁੱਖ ਭੂਮਿਕਾ ਨਿਭਾਈ ਹੈ। ਇਹ ਪਹਿਲੀ ਪੰਜਾਬੀ ਫ਼ਿਲਮ ਹੈ ਜਿਹੜੀ ਪੂਰੇ ਹਾਲੀਵੁੱਡ ਕ੍ਰੂ ਨਾਲ ਯੂ ਐਸ ਏ ਵਿੱਚ ਸ਼ੂਟ ਕੀਤੀ ਗਈ ਹੈ। ਇਹ ਫ਼ਿਲਮ ਭਰੂਣ ਹੱਤਿਆ ਦੇ ਵਿਰੁੱਧ ਹਾਂ ਦਾ ਨਾਅਰਾ ਮਾਰਦੀ ਸਮਾਜ ਨੂੰ ਸੇਧ ਦੇਣ ਵਾਲੀ ਬਹੁਤ ਵਧੀਆ ਪੰਜਾਬੀ ਮੂਵੀ ਹੈ।

# ਅਮਰੀਕੀ-ਜਾਪਾਨੀ ਜੋੜੀ ਨੂੰ ਮੈਡੀਸਨ ਦਾ ਨੋਬੇਲ ਪੁਰਸਕਾਰ

**ਸਟਾਕਹੋਮ–** ਅਮਰੀਕਾ ਦੇ ਜੇਮਸ ਐਲੀਸਨ ਤੇ ਜਾਪਾਨ ਦੇ ਤਾਸੁਕੁ ਹੌਂਜੋ ਦੀ ਜੋੜੀ ਨੇ ਕੈਂਸਰ ਦੇ ਇਲਾਜ ਵਿੱਚ ਲਿਆਂਦੀ ਕ੍ਰਾਂਤੀਕਾਰੀ ਤਬਦੀਲੀ ਲਈ ਨੋਬੇਲ ਦਾ ਮੈਡੀਸਨ ਪੁਰਸਕਾਰ ਜਿੱਤ ਲਿਆ ਹੈ। ਦਿ ਨੋਬੇਲ ਅਸੈਂਬਲੀ ਨੇ ਕਿਹਾ ਕਿ ਇਸ ਜੋੜੇ ਨੂੰ ਕੈਂਸਰ ਥੈਰੇਪੀ (ਨੈਗੇਟਿਵ ਇਮਿਊਨ ਰੈਗੂਲੇਸ਼ਨ ਨਿਰੋਧਕ) ਦੀ ਖੋਜ ਲਈ ਇਸ ਐਜਾਜ਼ ਲਈ ਚੁਣਿਆ ਗਿਆ ਹੈ। ਇਸ ਇਲਾਜ ਵਿਧੀ ਵਿੱਚ ਕੁਝ ਕੈਂਸਰ ਸੈੱਲਾਂ ਦੇ ਨਾਲ ਇਮਿਊਨ ਪ੍ਰਣਾਲੀ ਸੈੱਲਾਂ ਵੱਲੋਂ ਬਣਾਏ ਜਾਂਦੇ ਪ੍ਰੋਟੀਨ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਇਹ ਪ੍ਰੋਟੀਨ ਸਰੀਰ ਦੀ ਕੈਂਸਰ ਸੈੱਲਾਂ ਨੂੰ ਮਾਰਨ ਦੀ ਕੁਦਰਤੀ ਰੱਖਿਆ ਪ੍ਰਣਾਲੀ ਨੂੰ ਖ਼ਤਮ ਕਰ ਦਿੰਦੇ ਹਨ।

## ਸੱਤ ਤਰੀਕ ਲਈ ਸਲਾਹ!

ਦਸ ਸਾਲ ਡਿਕਟੇਟਰੀ ਕਰਦਿਆਂ ਨੇ
ਚੁੱਕ ਰੱਖੀ ਸੀ ਜਿਨ੍ਹਾਂ ਨੇ ਅੱਤ ਯਾਰੋ।

ਹੁਣ ਸਰਕਾਰ ਦੇ ਨਾਲ ਨੇ ਰਲੇ ਕਹਿੰਦੇ
ਹੁੰਦੀ ਦੋਹਾਂ ਦੇ ਨਾਲ ਕੁਪੱਤ ਯਾਰੋ।

ਖਿੱਚਾਂ ਪੈਣੀਆਂ ਤਿੰਨਾਂ ਹੀ ਪਾਸਿਆਂ ਤੋਂ
ਚੜ੍ਹੀ ਜਿਸ ਦਿਨ ਅਕਤੂਬਰ ਦੀ ਸੱਤ ਯਾਰੋ।



ਤਰਲੋਚਨ ਸਿੰਘ ਦੁਪਾਲਪੁਰ 001-408-915-1268

ਜਾਇਓ ਸੋਚ ਕੇ ਤੁਸੀਂ ਪੰਜਾਬੀਓ ਜੀ
ਉਸ ਦਿਨ ਰੱਖਣੀ ਕਿਨ੍ਹਾਂ ਦੀ ਪੱਤ ਯਾਰੋ।

ਕਰਨਾ ਰੁਖ ਪਟਿਆਲੇ ਨੂੰ ਤੱਕੜੀ ਨੇ
ਰਾਹ ਲੰਬੀ ਦਾ ਪੰਜੇ ਨੇ ਮੱਲਣਾ ਏ।

ਲੈਣ ਲਈ ਇਨਸਾਫ ਬੇਅਦਬੀਆਂ ਦਾ
ਖਹਿਰੇ ਹੁਣੀ ਬਰਗਾੜੀ ਨੂੰ ਚੱਲਣਾ ਏ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

ਦੇਸ਼ ਦੁਆਬਾ

# ਪੰਜਾਬ ਵਿਚ ਅਫੀਮ ਤੇ ਫਿਰ ਚਰਚਾ

ਕੁਝ ਦਿਨ ਪਹਿਲਾਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਧੀ ਦੁਆਰਾ ਛਪਾਰ ਮੇਲੇ ਦਰਮਿਆਨ ਪੰਜਾਬ ਵਿਚ ਅਫੀਮ ਦੀ ਖੇਤੀ ਦੀ ਹਮਾਇਤ ਕਰਨ ਕਰਕੇ ਪੁਲਿਸ ਨੇ ਉਹਨਾਂ ਦੇ ਖਿਲਾਫ ਡੀ. ਡੀ. ਆਰ. ਦਰਜ ਕਰ ਦਿੱਤੀ ਹੈ। ਪੁਲਿਸ ਦੁਆਰਾ ਕਾਰਵਾਈ ਕਰਨਾ ਤਾਂ ਇਕ ਵੱਖਰੀ ਗੱਲ ਹੈ ਕਿਉਂਕਿ ਸਾਰੇ ਭਾਰਤ ਵਿਚ ਲਾਗੂ ਐਨ. ਡੀ. ਪੀ. ਐਸ. ਐਕਟ ਕਿਸੇ ਵੀ ਕਿਸਮ ਦੇ ਨਸ਼ੀਲੇ ਪਦਾਰਥ ਨੂੰ ਰੱਖਣ, ਵੇਚਣ-ਖਰੀਦਣ, ਤਿਆਰ ਕਰਨ, ਹੱਲਾਸ਼ੇਰੀ ਦੇਣ ਨੂੰ ਗੈਰ ਕਾਨੂੰਨੀ ਐਲਾਨਦਾ ਹੈ। ਜਿੱਥੋਂ ਤੱਕ ਡਾ. ਗਾਂਧੀ ਦੁਆਰਾ ਪੰਜਾਬ ਵਿਚ ਅਫੀਮ ਦੀ ਖੇਤੀ ਨੂੰ ਹਮਾਇਤ ਦੇਣ ਦੀ ਗੱਲ ਹੈ, ਇਹ ਉਹ ਇਕ ਵਾਰ ਨਹੀਂ ਬਲਕਿ ਸੈਂਕੜੇ ਵਾਰ ਕਹਿ ਚੁੱਕੇ ਹਨ। ਉਹਨਾਂ ਨੇ ਇਹ ਮੁੱਦਾ ਪਾਰਲੀਮੈਂਟ ਵਿਚ ਵੀ ਉਠਾਇਆ ਸੀ ਅਤੇ ਖੁਦ ਕੈਪਟਨ ਅਮਰਿੰਦਰ ਸਿੰਘ ਉਹਨਾਂ ਦੀ ਇਸ ਗੱਲ ਨਾਲ ਕੁਝ ਹੱਦ ਤੱਕ ਸਹਿਮਤੀ ਪ੍ਰਗਟ ਕਰ ਚੁੱਕੇ ਹਨ ਪਰ ਕੈਪਟਨ ਸਾਹਿਬ ਨੇ ਇਹ ਗੱਲ ਕੇਂਦਰ ਸਰਕਾਰ ਤੇ ਸੁੱਟ ਦਿੱਤੀ ਹੈ। ਸਿਰਫ ਗਾਂਧੀ ਨਹੀਂ ਬਲਕਿ ਹੋਰ ਵੀ ਕਈ ਲੀਡਰ ਡਾ. ਗਾਂਧੀ ਦੀ ਗੱਲ ਨਾਂਲ ਸਹਿਮਤ ਹੋ ਚੁੱਕੇ ਹਨ। ਡਾ. ਗਾਂਧੀ ਕਿਉਂਕਿ ਪੇਸ਼ੇ ਤੋਂ ਇਕ ਮਾਹਿਰ ਦਿਲ ਦੇ ਡਾਕਟਰ ਹਨ, ਇਸ ਕਰਕੇ ਉਹਨਾਂ ਦੀ ਗੱਲ ਨੂੰ ਗੰਭੀਰਤਾ ਨਾਲ ਲੈਣਾ ਬਣਦਾ ਹੈ। ਡਾ. ਗਾਂਧੀ ਦਾ ਵਿਚਾਰ ਹੈ ਕਿ ਪੰਜਾਬ ਵਿਚ ਰਵਾਇਤੀ ਕਿਸਮ ਦੇ ਨਸ਼ੇ ਜਿਵੇਂ ਅਫੀਮ, ਡੋਡੇ ਆਦਿ ਲੋਕੀ ਸਦੀਆਂ ਤੋਂ ਖਾਂਦੇ ਆ ਰਹੇ ਹਨ ਪਰ ਅੱਜ ਤੱਕ ਅਜਿਹਾ ਇਕ ਵਾਰ ਕੇਸ ਨਹੀਂ ਸੁਣਿਆ ਕਿ ਕੋਈ ਵਿਅਕਤੀ ਇਹਨਾਂ ਦੀ ਓਵਰਡੋਜ਼ ਦੇ ਕਾਰਨ ਮਰ ਗਿਆ ਹੋਵੇ। ਬਲਕਿ ਉਹ ਤਾਂ ਕਹਿੰਦੇ ਹਨ ਕਿ ਅੱਜ ਦੇ ਉਲਝੇਵਿਆਂ ਭਰੇ ਸਮੇਂ ਵਿਚ ਦਿਲ ਦੇ ਰੋਗੀਆਂ ਦੀ ਗਿਣਤੀ ਜਿੰਨੀ ਤੇਜ਼ੀ ਨਾਲ ਵੱਧ ਰਹੀ ਹੈ, ਉਸ ਲਈ ਲੋਕਾਂ ਦਾ ਦਿਮਾਗੀ ਬੋਝ ਤੋਂ ਮੁਕਤ ਹੋਣਾ ਬਹੁਤ ਜ਼ਰੂਰੀ ਹੈ। ਅਫੀਮ ਅਤੇ ਡੋਡੇ ਅਜਿਹਾ ਹੀ ਕੰਮ ਕਰਦੇ ਹਨ। ਇਹ ਖੂਨ ਨੂੰ ਪਤਲਾ ਕਰਦੇ ਹਨ ਅਤੇ ਦਿਮਾਗ ਤੇ ਅਸਰ ਨਹੀਂ ਪੈਣ ਦਿੰਦੇ। ਡਾ. ਗਾਂਧੀ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਪੰਜਾਬ ਵਿਚ ਜਿੰਨੇ ਲੋਕੀ ਸ਼ਰਾਬ ਨਾਲ ਮਰਦੇ ਹਨ, ਉਨੇ ਹੋਰ ਨਸ਼ਿਆਂ ਕਾਰਨ ਨਹੀਂ ਮਰਦੇ। ਡਾ. ਗਾਂਧੀ ਦਾ ਇਹ ਵੀ ਵਿਚਾਰ ਹੈ ਕਿ ਪੰਜਾਬ ਵਿਚ ਜਦੋਂ ਤੋਂ ਅਫੀਮ ਅਤੇ ਡੋਡਿਆਂ ਤੇ ਸਖਤੀ ਹੋਈ ਹੈ, ਹੋਰ ਕਈ ਕਿਸਮ ਦੇ ਮਾੜੇ ਨਸ਼ੇ ਸਮਗਲਿੰਗ ਹੋ ਕੇ ਆ ਰਹੇ ਹਨ, ਜਿਹਨਾਂ ਕਾਰਨ ਨੌਜਵਾਨੀ ਦਾ ਨਾਸ਼ ਵੱਜ ਰਿਹਾ ਹੈ।

ਡਾ. ਗਾਂਧੀ ਦੇ ਵਿਚਾਰ ਵਿਚ ਕੁਝ ਸਕਾਰਾਤਮਕ ਤੱਥ ਹੋ ਸਕਦੇ ਹਨ ਪਰ ਸੱਚ ਤਾਂ ਇਹ ਹੈ ਕਿ ਅੱਜ ਪੂਰੀ ਦੁਨੀਆਂ ਵਿਚ ਨਸ਼ਿਆਂ ਦੇ ਵਿਰੁੱਧ ਜ਼ੋਰਦਾਰ ਮੁਹਿੰਮ ਚੱਲ ਰਹੀ ਹੈ। ਨਸ਼ਿਆਂ ਦੇ ਅਸਰ ਕਾਰਨ ਕਈ ਮੁਲਕਾਂ ਦਾ ਤਾਂ ਬੇੜਾ ਹੀ ਗਰਕ ਹੋ ਗਿਆ ਹੈ, ਜਿਵੇਂ ਮੈਕਸੀਕੋ ਵਰਗੇ ਮੁਲਕ ਬਰਬਾਦੀ ਦੇ ਕਿਨਾਰੇ ਤੇ ਆ ਗਏ ਹਨ। ਕਈ ਦੱਖਣੀ ਅਮਰੀਕੀ ਅਤੇ ਅਫਰੀਕੀ ਮੁਲਕਾਂ ਵਿਚ ਇਹੀ ਹਾਲ ਹੈ। ਅਫੀਮ ਵਰਗਾ ਨਸ਼ਾ ਬਹੁਤ ਸਾਰੀਆਂ ਦਵਾਈਆਂ ਵਿਚ ਵੀ ਵਰਤਿਆ ਜਾਂਦਾ ਹੈ ਪਰ ਸਮੱਸਿਆ ਤਾਂ ਇਸ ਦੀ ਸਮਗਲਿੰਗ ਦਾ ਹੈ। ਅਫਗਾਨਿਸਤਾਨ ਵਰਗੇ ਮੁਲਕਾਂ ਦੀ ਮੁੱਖ ਖੇਤੀ ਹੀ ਅਫੀਮ ਦੀ ਖੇਤੀ ਹੈ। ਉਥੋਂ ਅਫੀਮ ਅਤੇ ਇਸ ਤੋਂ ਤਿਆਰ ਹੋ ਭਿਆਨਕ ਨਸ਼ੇ ਪੂਰੀ ਦੁਨੀਆਂ ਵਿਚ ਸਪਲਾਈ ਹੁੰਦੇ ਹਨ ਅਤੇ ਇਸ ਪੈਸੇ ਨਾਲ ਤਾਲਿਬਾਨ ਵਰਗੀਆਂ ਦਹਿਸ਼ਤਗਰਦ ਜਥੇਬੰਦੀਆਂ ਹਥਿਆਰ ਖਰੀਦ ਕੇ ਮਜਬੂਤ ਹੋ ਰਹੀਆਂ ਹਨ। ਇਰਾਕ ਵਿਚ ਵੀ ਇਹੀ ਹਾਲ ਹੋ ਗਿਆ ਹੈ।

ਜਿੱਥੋਂ ਤੱਕ ਪੰਜਾਬ ਦਾ ਸਬੰਧ ਏ, ਡਾ. ਗਾਂਧੀ ਦੀ ਇਹ ਗੱਲ ਸਹੀ ਭਾਸਦੀ ਹੈ ਕਿ ਪੰਜਾਬ ਵਿਚ ਜਦੋਂ ਅਫੀਮ, ਡੋਡਿਆਂ ਤੇ ਇੰਨੀ ਸਖਤੀ ਨਹੀਂ ਸੀ ਤਾਂ ਲੋਕੀ ਹੋਰ ਨਸ਼ਿਆਂ ਵੱਲ ਆਕਰਸ਼ਿਤ ਨਹੀਂ ਹੁੰਦੇ ਸਨ। ਆਜ਼ਾਦੀ ਤੋਂ ਬਾਅਦ ਅਫੀਮ ਦੀ ਵਰਤੋਂ ਕਰਨ ਵਾਲੇ ਲੋਕਾਂ ਦੇ ਲਾਇਸੈਂਸ ਤੱਕ ਜਾਰੀ ਕੀਤੇ ਗਏ ਸਨ ਅਤੇ ਸਰਕਾਰ ਖੁਦ ਉਹਨਾਂ ਨੂੰ ਇਕ ਮਿੱਕਦਾਰ ਵਿਚ ਅਫੀਮ ਸਪਲਾਈ ਕਰਦੀ ਸੀ।

ਬਾਅਦ ਵਿਚ ਇਹ ਲਾਇਸੈਂਸ ਸਿਸਟਮ ਖਤਮ ਹੋ ਗਿਆ ਅਤੇ ਐਨ. ਡੀ. ਪੀ. ਐਸ. ਐਕਟ ਲਾਗੂ ਹੋਣ ਤੋਂ ਬਾਅਦ ਇਹ ਪੂਰੀ ਤਰ੍ਹਾਂ ਪਾਬੰਦੀਸ਼ੁਦਾ ਗਰਦਾਨ ਦਿੱਤੇ ਗਏ। ਹਾਲਾਂਕਿ ਭਾਰਤ ਦੇ ਕਈ ਸੂਬਿਆਂ ਵਿਚ ਹਾਲੇ ਵੀ ਅਫੀਮ ਦੀ ਖੇਤੀ ਹੁੰਦੀ ਹੈ। ਰਾਜਸਥਾਨ ਅਤੇ ਮੱਧ ਪਦੇਸ਼ ਵਿਚ ਸਰਕਾਰੀ ਕੰਟਰੋਲ ਹੇਠ ਅਫੀਮ ਦੀ ਖੇਤੀ ਹੁੰਦੀ ਹੈ। ਇਹ ਅਫੀਮ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਹੀ ਖਰੀਦਣ ਦੀ ਇਜਾਜ਼ਤ ਹੈ। ਫਸਲੀ ਵਿਭਿੰਨਤਾ ਲਈ ਜੇਕਰ ਅਜਿਹਾ ਕੋਈ ਕਦਮ ਚੁੱਕਿਆ ਜਾ ਸਕਦਾ ਹੈ ਤਾਂ ਇਸ ਬਾਰੇ ਸਰਕਾਰ ਨੂੰ ਸੋਚਣਾ ਚਾਹੀਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-83

## ਗੁਰਬਾਣੀ ਚਾਨਣ 'ਚ ਕੁਚੱਜੀ ਤੇ ਸੁਚੱਜੀ ਜੀਵ ਇਸਤਰੀ



ਅਵਤਾਰ ਸਿੰਘ ਮਿਸ਼ਨਰੀ
510-432-5827

ਕਚੱਜ ਸ਼ਬਦ ਦੇ ਅਰਥ ਨੇ ਬੁਰੀ ਕਰਤੂਤ, ਬਦਚਲਨੀ, ਕੰਮ ਕਰਨ ਦਾ ਬੁਰਾ ਢੰਗ। ਸ਼੍ਰੀ ਗੁਰੂ ਗ੍ਰੰਥ ਕੋਸ਼ ਦੇ ਕਰਤਾ ਡਾ ਗੁਰਚਰਨ ਸਿੰਘ ਅਨੁਸਾਰ ਕੁਚੱਜੀ ਬੁਰੇ ਅਚਾਰ ਵਾਲੀ, ਭੈੜੇ ਤੌਰ ਤਰੀਕੇ ਵਾਲੀ-ਓਹ ਕੁਚਜੀ ਕੁਲੱਖਣੀ ਪਰਹਰਿ ਛੋਡੀ ਭਤਾਰਿ॥(੫੧੬)

ਸਚੱਜ-ਸ੍ਰਿਸ਼ਟਾਚਾਰ, ਭਲਾ ਵਿਹਾਰ, ਨੇਕ ਚਲਨੀ। ਸੁਚੱਜੀ-ਚੰਗੇ ਆਚਰਣ ਵਾਲੀ-ਅੰਮਾਲੀ ਹਉ ਖਰੀ ਸਚਜੀ ਤੈ ਸਹ ਏਕਿ ਨ ਭਾਵਾਂ॥(੫੫੮) ਡਾ. ਹਰਜਿੰਦਰ ਸਿੰਘ ਦਿਲਗੀਰ ਅਨੁਸਾਰ-ਬੇਢੰਗੀ, ਭੱਦੀ, ਅਨਾੜੀ, ਨਿਪੁੰਨਤਾ ਤੋਂ ਬਿਨਾ (ਮਰਦ ਜਾਂ ਔਰਤ)

ਗੁਰ ਨਾਨਕ ਸਾਹਿਬ ਦੇ ਗੁਰਬਾਣੀ 'ਚ ਕੁਚੱਜੀ ਤੇ ਸੁਚੱਜੀ ਸਿਰਲੇਖ ਹੇਠ ਦੋ ਸ਼ਬਦ ਦਰਜ ਹਨ। ਕੁਚੱਜੀ 'ਚ ਗੁਰੂ ਜੀ ਨੇ ਪਤੀ ਪ੍ਰਮੇਸ਼ਰ ਤੋਂ ਵਿਛੜੇ ਜੀਅ ਨੂੰ, ਬੁਰੇ ਅਚਾਰ ਵਾਲੀ ਇਸਤਰੀ ਦੇ ਰੂਪ 'ਚ ਦਿਖਾਇਐ ਜੋ ਪਤੀ-ਪ੍ਰਮੇਸ਼ਰ ਦੀਆਂ ਬਖਸ਼ੀਆਂ ਦਾਤਾਂ ਦੇ ਮੋਹ 'ਚ ਫਸ ਕੇ, ਉਸ ਦਾਤਾਰ ਨੂੰ ਵਿਸਾਰਦੀ ਤੇ ਇਸ ਦੇ ਉਲਟ ਸੁਚੱਜੀ ਰਾਹੀਂ ਗੁਰਮੁਖ ਜੀਵ ਇਸਤਰੀ ਨੂੰ, ਗੁਣਵੰਤੀ ਦੇ ਰੂਪ ਚ ਦਰਸਾਇਐ ਜੋ ਮਾਲਕ ਦੇ ਹੁਕਮ-ਭਾਣੇ 'ਚ ਰਹਿ ਸੁਹਾਗਣ ਹੋ ਵਿਚਰਦੀ ਹੈ। ਕੁਚੱਜੀ ਲਈ ਪਤੀ-ਪ੍ਰਮੇਸ਼ਰ ਦੀਆਂ ਦਾਤਾਂ ਸੁਚੱਜੀ ਲਈ ਪਤੀ-ਪ੍ਰਮੇਸ਼ਰ ਹੀ ਸਭ ਕੁਝ ਹੁੰਦਾ ਹੈ। ਸੁਚੱਜੀ ਤੇ ਕੁਚੱਜੀ ਸਿਰਲੇਖਾਂ ਚ ਗੁਰੂ ਝੀ ਨੇ ਗੁਰਮੁਖ ਤੇ ਮਨਮੁੱਖ ਦੀ ਅਵੱਸਥਾ ਦਰਸਾਈ ਹੈ। ਗੁਰੂ ਜੀ ਨੇ ਕੁਚੱਜੀ ਨੂੰ ਜੀਵਨ ਸੁਧਾਰ ਕੇ ਸੁਚੱਜੀ ਬਣਨ ਦੀ ਬਾਕਮਾਲ ਸਿਖਿਆ ਦਿੱਤੀ ਹੈ। ਗੁਰੂ ਸਾਹਿਬ ਹੇਠਲੇ ਸ਼ਬਦਾਂ ਚ ਇਉਂ ਬਿਆਨ ਕਰਦੇ ਹਨ-

ਰਾਗੁ ਸੂਹੀ ਮਹਲਾ ੧ ਕੁਚਜੀ ੴ ਸਤਿਗੁਰ ਪ੍ਰਸਾਦਿ॥ ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ॥ ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ॥ ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ॥ ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ॥ ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ॥ ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ॥ ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ॥ ਸੇ ਵਸਤੂ ਸਹਿ ਦਿਤੀਆ ਮੈ ਤਿਨ੍ਹ ਸਿਉ ਲਾਇਆ ਚਿਤੁ ਜੀਉ॥ ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥ ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ॥ ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀ॥ ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ॥ ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ॥ ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ॥ ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ॥ ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ॥੧॥ (੭੬੨)

ਸੂਹੀ ਮਹਲਾ ੧ ਸੁਚਜੀ॥ ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ॥ ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ॥ ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ॥ ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ॥ ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ॥ ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ॥ ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ॥ ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ॥ ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ॥ ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ॥੨॥(੭੬੨)

ਇਸ ਬਾਰੇ ਵਿਸਥਾਰਥ ਵਿਚਾਰ- ਕੁਚੱਜੀ ਜਿਸ ਨੂੰ ਜੀਵਨ ਦਾ ਚੱਜ ਨਹੀਂ ਆਉਂਦਾ ਭਾਵ ਜੋ ਅਗਿਆਨਤਾ ਵੱਸ ਮਨ ਪਿੱਛੇ ਚਲਦੀ ਤੇ ਗੁਰੂ ਦੀ ਮਤਿ ਨਹੀਂ ਲੈਂਦੀ।

ਦੇਖੋ! ਦੁਨਿਆਵੀ ਤੌਰ ਤੇ ਜਿਹੜੀ ਬੀਬੀ ਵਿਆਹ ਮਗਰੋਂ ਸਹੁਰੇ ਘਰ ਜਾਂਦੀ ਏ ਜਿਸ ਨੂੰ ਘਰ ਦੇ ਕੰਮ ਕਰਨੇ ਨਹੀਂ ਆਉਂਦੇ ਤੇ ਬੋਲਣ ਦਾ ਵੀ ਚੱਜ ਨਹੀਂ, ਜੋ ਆਪਣੇ ਪਤੀ, ਸੱਸ ਸਹੁਰੇ, ਆਂਢੀ ਗੁਆਂਢੀਆਂ ਤੇ ਸਬੰਧੀਆਂ ਦਾ ਸਤਿਕਾਰ ਕਰਨਾ ਨਹੀਂ ਜਾਣਦੀ, ਦੁਨਿਆਵੀ ਸੱਸ ਉਸ ਨੂੰ ਮਿਹਣਾ ਮਾਰ ਕੇ ਕੁਚੱਜੀ ਕਹਿ ਦਿੰਦੀ ਹੈ। ਇਸ ਦੇ ਉਲਟ ਜਿਸ ਨੂੰ ਚੰਗੇ ਢੰਗ ਨਾਲ ਕੰਮ ਕਾਜ, ਪਿਆਰ-ਸਤਿਕਾਰ ਕਰਨਾ ਤੇ ਸਭ ਨਾਲ ਵਧੀਆ ਤਰੀਕੇ ਨਾਲ ਵਰਤੋਂ ਵਿਹਾਰ ਕਰਨਾ ਆਉਂਦੈ, ਉਸ ਨੂੰ ਸਹੁਰੇ ਘਰ ਦੇ ਜੀਅ ਅਤੇ ਨਗਰ ਨਿਵਾਸੀ ਸੁਚੱਜੀ ਕਹਿ ਸਤਿਕਾਰਦੇ ਹਨ। ਕੁਚੱਜੀ ਬਾਰੇ ਇਹ ਵਿਚਾਰ ਬਣ ਜਾਂਦੇ ਹਨ ਕਿ ਇਸ ਨੇ ਪੇਕੇ ਘਰ 'ਚ ਚੰਗੇ ਗੁਣ ਨਹੀਂ ਸਿੱਖੇ ਜਿਸ ਕਰਕੇ ਸਹੁਰੇ ਘਰ ਸੁਚੱਜੇ ਡੰਗ ਨਾਲ ਰਹਿਣਾ-ਜੀਣਾ ਨਹੀਂ ਆਉਂਦਾ।

ਇਸ ਦੀ ਮਾਂ ਨੇ ਇਸ ਨੂੰ ਕੁਝ ਚੰਗਾ ਨਹੀਂ ਸਿਖਾਇਆ ਪਰ ਇਸ ਦੇ ਉਲਟ ਸੁਚੱਜੀ ਬਾਰੇ ਆਪ ਮੁਹਾਰੇ ਮੂਹੋਂ ਨਿਕਲਦਾ ਹੈ ਕਿ ਇਹ ਸਿਆਣੇ ਤੇ ਦਾਨੇ ਮਾਂਪਿਆਂ ਦੀ ਸਿਆਣੀ ਧੀ ਹੈ।

ਜਿਵੇਂ ਸੁਚੱਜੀ ਧੀ ਜੋ ਮਾਪਿਆਂ ਤੋਂ ਰਹਿਣ ਸਹਿਣ ਦੇ ਚੰਗੇ ਗੁਣ ਸਿੱਖ ਕੇ ਆਉਂਦੀ ਏ ਤਿਵੇਂ ਗੁਰੂ ਗਿਆਨ ਰੂਪੀ ਮਾਂ-ਬਾਪ ਕੋਲੋਂ ਅਸੀਂ ਚੰਗੇ ਗੁਣ ਸਿਖਣੇ ਹਨ। ਗੁਰਮੱਤੀ ਜੀਵਨ ਜੀਅ ਕੇ ਹੀ ਅਸੀਂ ਕੁਚੱਜੀKਕੁਚੱਜੇ ਤੋਂ ਸੁਚੱਜੀ/ਸੁਚੱਜੇ ਇਸਤਰੀKਮਰਦ ਬਣ ਸਕਦੇ ਹਾਂ। ਜਿਵੇ ਸੰਸਾਰੀ ਤੌਰ ਤੇ ਸਹੁਰੇ ਘਰ ਆਈ ਲੜਕੀ ਮਾਪਿਆਂ ਤੋਂ ਕੁਝ ਸਿਖੀ ਨਾ ਹੋਣ ਕਰਕੇ ਕੁਚੱਜੀ ਕਹਾਉਂਦੀ ਹੈ ਇਵੇਂ ਹੀ ਜੋ ਇਨਸਾਨ ਗਿਆਨ ਗੁਰੂ ਰੂਪ ਮਾਂ-ਬਾਪ ਕੋਲੋਂ, ਸੱਚਾ ਗਿਆਂਨ ਨਹੀਂ ਲੈਂਦਾ ਉਸ ਦਾ ਮਨੁੱਖਾ ਜੀਵਨ, ਕਾਂਮ, ਕ੍ਰੋਧ ਆਦਿਕ ਵਿਕਾਰਾਂ 'ਚ ਖਚਤ ਹੋ ਜਾਂਦੈ ਐਸੇ ਕਿਰਦਾਰ ਵਾਲੇ ਇਨਸਾਨ ਨੂੰ ਹੀ ਸ਼ਬਦ ਗੁਰੂ ਗ੍ਰੰਥ ਦੀ ਬਾਣੀ 'ਚ ਕੁਚੱਜੀ ਸਿੱਖਣ ਵਾਲੇ ਨੂੰ ਸੁਚੱਜੀ ਦਰਸਾਇਆ ਗਿਆ ਹੈ।

# ਅਤਿ ਸਤਿਕਾਰਿਤ ਲੋਕ ਨੇਤਾ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਨਾਂ ਤੇ ਭਵਨ ਦਾ ਜਲੰਧਰ 'ਚ 9 ਅਕਤੂਬਰ ਨੂੰ ਹੋਵੇਗਾ ਉਦਘਾਟਨ

ਬਾਮਸੇਫ, ਡੀ. ਐਸ. 4 ਅਤੇ ਬਹੁਜਨ ਸਮਾਜ ਪਾਰਟੀ ਦੇ ਪਿਤਾਮਾ ਅਤਿ-ਸਤਿਕਾਰਿਤ ਲੋਕ ਨੇਤਾ ਮਾਣਯੋਗ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਮਹਾਨ ਸ਼ਖਸੀਅਤ ਤੋਂ ਕੌਣ ਵਾਕਫ਼ ਨਹੀਂ। ਭਾਰਤ ਦੇ ਮੂਲ ਨਿਵਾਸੀਆਂ ਦੀ ਬੁਲੰਦ ਆਵਾਜ਼, ਟੁੱਟੇ-ਭੱਜੇ, ਭੁੱਲੇ-ਵਿਸਰੇ, ਐਸ. ਸੀ., ਐਸ. ਟੀ., ਬੀ. ਸੀ. ਅਤੇ ਘੱਟ ਗਿਣਤੀਆਂ ਦੇ ਲੋਕਾਂ ਨੂੰ ਜੋ ਕਦੇ ਰਾਜਨੀਤੀ ਤੋਂ ਅਣਜਾਣ ਸਨ ਜਾਂ ਉਹਨਾਂ ਨੂੰ ਬਣਦਾ ਸਥਾਨ ਹੋਰਨਾਂ ਰਾਜਨੀਤਿਕ ਪਾਰਟੀਆਂ ਵੱਲੋਂ ਨਹੀਂ ਸੀ ਮਿਲਦਾ, ਉਹਨਾਂ ਆਪਣੀ ਪਾਰਟੀ ਬਹੁਜਨ ਸਮਾਜ ਪਾਰਟੀ ਬਣਾ ਕੇ ਰਾਜਨੀਤਿਕ ਤੌਰ ਤੇ ਮਜ਼ਬੂਤ ਹੀ ਨਹੀਂ ਕੀਤਾ ਬਲਕਿ ਇਕ ਸਫਲ ਨਾਅਰਾ ਬੁਲੰਦ ਕੀਤਾ ਕਿ ਜਿੰਨੀ ਕਿਸੇ ਦੀ ਜਨ-ਸੰਖਿਆ ਭਾਰੀ, ਉਨੀ ਹੀ ਹਿੱਸੇਦਾਰੀ। ਭਾਰਤ ਦੀ ਸਿਰਮੌਰ ਅਤੇ ਲੰਮੇ ਸਮੇਂ ਤੋਂ ਰਾਜ ਕਰਦੀ ਆ ਰਹੀ ਕਾਂਗਰਸ ਪਾਰਟੀ ਨੂੰ ਅਰਸ਼ ਤੋਂ ਫਰਸ਼ ਤੇ ਲਿਆਂਦਾ ਤੇ ਕਾਂਗਰਸ ਅਤੇ ਹੋਰਨਾਂ ਪਾਰਟੀਆਂ ਨੂੰ ਖੇਤਰੀ ਪਾਰਟੀਆਂ ਸਹਾਰੇ ਚੱਲਣ ਲਈ ਰਾਜਨੀਤਿਕ ਤੌਰ ਤੇ ਮਜਬੂਰ ਕੀਤਾ।

ਉੱਤਰੀ ਭਾਰਤ ਦੇ ਮੂਲ ਨਿਵਾਸੀ ਕੌਮ ਦੀ ਰੂਹੇ-ਰਵਾਂ ਮਹਾਨ ਗਦਰੀ ਬਾਬਾ ਅਤੇ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਅਤੇ ਰਾਸ਼ਟਰੀ ਨੇਤਾ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਤੋਂ ਬਾਅਦ ਜੇਕਰ ਕਿਸੇ ਨੇ ਕਮਜ਼ੋਰ ਵਰਗਾਂ ਨੂੰ ਉਪਰ ਚੁੱਕਣ ਦਾ ਸਫਲ ਯਤਨ ਕੀਤਾ ਤਾਂ ਉਹ ਸੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ, ਜਿਹਨਾਂ ਲੋਕਾਂ ਨੂੰ ਜਾਗਰੂਕ ਕਰਨ ਵਾਲੀ ਲੰਬੀ ਸਾਈਕਲ ਮਾਰਚ ਅਤੇ ਹਜ਼ਾਰਾਂ ਰੈਲੀਆਂ ਅਤੇ ਨੁੱਕੜ ਮੀਟਿੰਗਾਂ ਕਰਕੇ ਬਹੁਜਨ ਸਮਾਜ ਨੂੰ ਜੋੜਿਆ ਅਤੇ ਉਹਨਾਂ ਨੂੰ ਆਪਣੇ ਹੱਕਾਂ ਤੋਂ ਜਾਣੂੰ ਕਰਵਾਇਆ।




ਭਵਨ ਦੀ ਤੇਜ਼ੀ ਨਾਲ ਚੱਲ ਰਹੀ ਉਸਾਰੀ ਦੀ 'ਦੇਸ਼ ਦੁਆਬਾ' ਵੱਲੋਂ 30 ਸਤੰਬਰ ਨੂੰ ਲਈ ਗਈ ਇਕ ਯਾਦਗਾਰੀ ਤਸਵੀਰ।

ਸਿੱਟਾ ਸਭ ਦੇ ਸਾਹਮਣੇ ਹੈ ਕਿ ਚਾਰ ਵਾਰ ਭਾਰਤ ਦੇ ਸਭ ਤੋਂ ਵੱਡੇ ਰਾਜ ਉਤਰ ਪ੍ਰਦੇਸ਼ ਅੰਦਰ ਤਿੰਨ ਵਾਰ ਰਲੀ-ਮਿਲੀ ਤੇ ਇਕ ਵਾਰ ਨਿਰੋਲ ਬਸਪਾ ਦੀ ਆਪਣੀ ਸਰਕਾਰ ਬਣੀ। ਸਾਹਿਬ ਕਾਂਸ਼ੀ ਰਾਮ ਜੀ ਦਾ ਆਪਣੇ ਵਰਕਰਾਂ ਤੇ ਸਮਾਜ ਨੂੰ ਸਿੱਧਾ-ਸਿੱਧਾ ਕਹਿਣਾ ਸੀ ਕਿ ਜਦ ਤੱਕ ਬਹੁਜਨ ਸਮਾਜ ਆਪਣੇ ਅੰਦਰ ਮੁਕੰਮਲ ਏਕਤਾ ਨਹੀਂ ਬਹਾਲ ਕਰਦਾ, ਉਦੋਂ ਤੱਕ ਨਾ ਤਾਂ ਤਾਕਤਵਰ ਬਣ ਸਕਦਾ ਹੈ ਅਤੇ ਨਾ ਹੀ ਕੋਈ ਮੰਜ਼ਿਲ ਪ੍ਰਾਪਤ ਕਰ ਸਕਦਾ ਹੈ।

ਸਾਹਿਬ ਕਾਂਸ਼ੀ ਰਾਮ ਜੀ ਨੇ ਜਿੱਥੇ ਭਾਰਤ ਪੱਧਰ ਤੇ ਡਾ. ਅੰਬੇਡਕਰ ਦੀ ਥਿਊਰੀ ਪ੍ਰਚਾਰਨ ਦਾ ਯਤਨ ਕੀਤਾ, ਉਥੇ ਉਹਨਾਂ ਪੰਜਾਬ ਅੰਦਰ ਆਦਿ ਧਰਮ ਦੇ ਸੁਨਹਿਰੀ ਯੁੱਗ ਦਾ ਉਚੇਚਾ ਗੁਣਗਾਨ ਹੀ ਨਹੀਂ ਕੀਤਾ ਬਲਕਿ ਉਸ ਉਪਰ ਚੱਲਣ ਲਈ ਲੋਕਾਂ ਨੂੰ ਵਾਰ-ਵਾਰ ਸੰਦੇਸ਼ ਦਿੱਤਾ ਅਤੇ ਉਸ ਦੇ ਸੁਨਹਿਰੀ ਇਤਿਹਾਸ ਤੋਂ ਲੋਕਾਂ ਨੂੰ ਵਾਕਫ਼ ਕਰਨ ਲਈ ਹੁਸ਼ਿਆਰਪੁਰ 'ਚ 1996 'ਚ ਟਿਕ ਵਿਸ਼ਾਲ 'ਭੁੱਲ ਸੁਧਾਰ' ਨਾਂ ਤਹਿਤ ਸੰਮੇਲਨ ਵੀ ਕੀਤਾ ਤੇ ਵਾਰ-ਵਾਰ ਸਟੇਜਾਂ ਤੋਂ ਵੀ ਇਸ ਤੋਂ ਸਬਕ ਲੈਣ ਲਈ ਕਹਿੰਦੇ ਰਹੇ।

ਬਸਪਾ ਇਕ ਰਾਜਨੀਤਿਕ ਪਾਰਟੀ ਹੈ। ਇਸ ਦੀ ਲੀਡਰਸ਼ਿਪ ਅਤੇ ਵਰਕਰਾਂ ਨੂੰ ਆਪਣੇ ਅਤੀਤ ਦੇ ਇਤਿਹਾਸ ਤੋਂ ਜ਼ਰੂਰ ਜਾਣੂੰ ਹੋਣਾ ਅਤੇ ਅਗਾਂਹਵਧੂ ਪਹਿਲੂਆਂ ਤੇ ਅਮਲ ਕਰਨਾ ਹੋਵੇਗਾ। ਇਹੀ ਆਪਣੇ ਰਹਿਨੁਮਾ ਨੂੰ ਸੱਚੀ ਸ਼ਰਧਾਂਜਲੀ ਕਹੀ ਜਾ ਸਕਦੀ ਹੈ ਅਤੇ ਉਹਨਾਂ ਦੇ ਪ੍ਰੀਨਿਰਵਾਣ ਦਿਵਸ 'ਤੇ ਬਸਪਾ ਵੱਲੋਂ ਉਹਨਾਂ ਦੇ ਨਾਂ 'ਤੇ ਭਵਨ ਬਣਾਉਣਾ ਇਕ ਸ਼ਲਾਘਾਯੋਗ ਤੇ ਇਤਿਹਾਸਕ ਕੰਮ ਸਮਝਿਆ ਜਾਵੇਗਾ। ਸਮੂਹ ਬਸਪਾਈ ਵਧਾਈ ਦੇ ਪਾਤਰ ਹਨ।

**-ਤਰਸੇਮ ਜਲੰਧਰੀ (ਸੰਪਾਦਕ)**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਬਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਰੱਲ੍ਹ ਪਰਿਵਾਰ ਨੇ ਆਪਣੀ ਪੂਜਨੀਕ ਮਾਤਾ ਪ੍ਰੀਤਮ ਕੌਰ ਦੀ ਯਾਦ ਵਿਚ ਗੁਰੂ ਘਰ ਵਿਖੇ ਕਰਵਾਇਆ ਸਾਲਾਨਾ ਸਮਾਗਮ








**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਬੜੇ ਬੜੇ ਹੀ ਸ਼ਰਧਾਲੂ ਪਰਿਵਾਰ ਸ੍ਰੀਮਾਨ ਹਰਬੰਸ ਰੱਲ੍ਹ ਜੀ, ਬੀਬੀ ਬਲਬੀਰਕੌਰ, ਸ੍ਰੀਮਾਨ ਜੀਤ ਰਾਮ ਰੱਲ੍ਹ ਜੀ, ਬੀਬੀ ਨਰਿੰਦਰ ਕੌਰ ਰਲ੍ਹ, ਸ੍ਰੀਮਾਨ ਬਲਵਿੰਦਰ ਰੱਲ੍ਹ, ਬੀਬੀ ਬਲਜੀਤ ਕੌਰ ਰੱਲ੍ਹ, ਸ. ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸਕੱਤਰ ਗੁਰੂ ਘਰ), ਬੀਬੀ ਪੁਸ਼ਪਾ ਰੱਲ੍ਹ ਜੀ, ਸਾਹਿਲ ਰੱਲ੍ਹ, ਰਾਹੁਲ ਰੱਲ੍ਹ, ਏਂਜਲ ਪੁਸ਼ਪਾ ਰੱਲ੍ਹ, ਬੀਬੀ ਸੁਰਿੰਦਰ ਕੌਰ, ਸ੍ਰੀਮਤੀ ਓਮ ਪ੍ਰਕਾਸ਼, ਬੀਬੀ ਕਾਂਤਾ, ਗੁਰਦੀਪ ਸਿੰਘ ਹੀਰਾ, ਬੀਬੀ ਮਹਿੰਦਰ ਕੌਰ ਜੀ, ਸ੍ਰੀਮਾਨ ਚਰਨ ਦਾਸ ਜੀ, ਬੀਬੀ ਮਹਿੰਦਰ ਕੌਰ, ਸ੍ਰੀਮਾਨ ਚਰਨ ਦਾਸ ਜੀ, ਬੀਬੀ ਸੰਤੋਸ਼ ਕੁਮਾਰੀ, ਸ੍ਰੀਮਾਨ ਸੁਰ-ਜੀਤ ਕੁਮਾਰ ਸਮੂਹ ਪਰਿਵਾਰ ਵੱਲੋਂ ਆਪਣੇ ਬੜੇ ਹੀ ਸਤਿਕਾਰਯੋਗ ਮਾਤਾ ਪ੍ਰੀਤਮ ਕੌਰ ਜੀ ਦੀ ਸਾਲਾਨਾ ਯਾਦ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਪਾਵਨ ਛਤਰ ਛਾਇਆ ਹੇਠ ਮਿਤੀ 30 ਸਤੰਬਰ ਦਿਨ ਐਤਵਾਰ ਨੂੰ ਮਨਾਈ ਗਈ, ਜਿਸ ਵਿਚ 30 ਸਤੰਬਰ ਦਿਲ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦਾ ਹਜ਼ੂਰੀ ਜਥਾ, ਭਾਈ ਹੀਰਾ ਸਿੰਘ, ਭਾਈ ਗੁਰਨਾਮ ਸਿੰਘ ਭੰਡਾਲ, ਜੋਗਿੰਦਰ ਸਿੰਘ ਸ਼ੌਂਕੀ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਗੁਰਦੀਪ ਸਿੰਘ ਹੀਰਾ ਨੇ ਸਟੇਜ ਸੈਕਟਰੀ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਆਪਣੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਵਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਡਾ.ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਪ੍ਰੀਖਿਆ ਵਿਚ ਭੋਗਪੁਰ ਦੇ ਵਿਦਿਆਰਥੀਆਂ ਨੇ ਇਨਾਮ ਹਾਸਲ ਕੀਤੇ






**ਭੋਗਪੁਰ–** ਪ੍ਰਬੁੱਧ ਭਾਰਤ ਫਾਊਂਡੇਸ਼ਨ ਵੱਲੋਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ ਅਤੇ ਜੰਮੂ-ਕਸ਼ਮੀਰ ਰਾਜਾਂ ਵਿਚ ਡਾ. ਅੰਬੇਡਕਰ ਜੀ ਦੀ ਵਿਚਾਰਧ-ਾਰਾ ਨਾਲ ਸਬੰਧਤ ਕਿਤਾਬ ਡਾ. ਅੰਬੇਡਕਰ ਦੇ ਵਿਯੂ ਪੁਆਇੰਟ ਆਧਾਰਿਤ 11ਵੇਂ ਕੰਪੀਟੀਸ਼ਨ ਦਾ ਨਤੀਜਾ ਅਤੇ ਇਨਾਮ ਵੰਡ ਸਮਾਗਮ ਫਗਵਾੜਾ ਵਿਖੇ ਕਰਵਾਇਆ ਗਿਆ। ਇਸ ਪ੍ਰੀਖਿਆ ਵਿਚ 50000 ਪ੍ਰੀਖਿਆਰਥੀਆਂ ਨੇ ਪੇਪਰ ਦਿੱਤੇ ਸਨ। ਇਹ ਸਮਾਗਮ ਜੀ. ਮਿਰਰ ਰਿਸਾਰਟ ਫਗਵਾੜਾ ਵਿਖੇ 1000 ਦੇ ਕਰੀਬ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਦੀ ਹਾਜ਼ਰੀ ਵਿਚ ਹੋਇਆ।

ਇਸ ਵਿਚ ਗਰੁੱਪ ਏ ਅਤੇ ਬੀ. ਨੂੰ ਅਲੱਗ-ਅਲੱਗ ਇਨਾਮ ਪਹਿਲਾ ਇਨਾਮ 30000 ਹਜ਼ਾਰ, ਦੂਜਾ 20000 ਅਤੇ ਤੀਜਾ 10000 ਰੁਪਏ ਅਤੇ ਮੈਰਿਟ ਵਿਚ ਆਉਣ ਵਾਲੇ ਵਿਦਿਆਰਥੀਆਂ ਨੂੰ 1000 ਰੁਪਏ ਦੇ ਇਨਾਮਾਂ ਸਮੇਤ 5 ਲੱਖ ਰੁਪਏ ਦੇ ਨਕਦ ਇਨਾਮ ਤਕਸੀਮ ਕੀਤੇ ਗਏ।

ਇਸ ਵਿਚ ਭੋਗਪੁਰ ਬਲਾਕ ਕਮਲਜੀਤ ਸਿੰਘ ਭਟਨੂਰਾ, ਕਾਜਲ ਭਟਨੂਰਾ, ਬਿਨੈ ਕੁਮਾਰ ਸੱਧਾ-ਚੱਕ, ਕੁਲਜੀਤ ਕੌਰ ਸੰਗਰਾਂਵਾਲੀ, ਮਨਦੀਪ ਕੌਰ ਕਿਸ਼ਨਗੜ੍ਹ, ਵਿਨੋਦ ਕੁਮਾਰ ਖਰਲ ਕਲਾਂ ਅਤੇ ਨਵਦੀਪ ਕੁਮਾਰ ਰਾਸਤਗੋ ਤੇ ਪ੍ਰੀਖਿਆਰਥੀਆਂ ਨੇ ਇਨਾਮ ਹਾਸਲ ਕੀਤੇ। ਹੁਣ ਇਸ ਪ੍ਰੀ-ਖਿਆ ਵਿਚੋਂ 70 ਫੀਸਦੀ ਤੋਂ ਵੱਧ ਅੰਕ ਲੈਣ ਵਾਲੇ ਵਿਦਿਆਰਥੀਆਂ ਦਾ ਕੁਇਜ਼ ਕੰਪੀਟੀਸ਼ਨ 28 ਅਕਤੂਬਰ ਨੂੰ ਗੁਰੂ ਰਵਿਦਾਸ ਮਿਸ਼ਨ ਹਸਪਤਾਲ ਫਗਵਾੜਾ ਵਿਖੇ ਹੋ ਰਿਹਾ ਹੈ। ਇਸ ਮੌਕੈ ਡਾ. ਭੀਮ ਰਾਓ ਅੰਬੇਡਕਰ ਚੇਤਨਾਂ ਮੰਚ ਭੋਗਪੁਰ ਦੇ ਸੀਨੀਅਰ ਮੈਂਬਰਾਂ, ਸਰਪੰਚ ਸੁਖਚੈਨ ਖਰਲ, ਮਾਸਟਰ ਸੁਰਤੀ ਲਾਲ ਅਤੇ ਚਰਨਜੀਤ ਸਿੰਘ ਬਿਨਪਾਲਕੇ ਨੂੰ ਵੀ ਸਨਮਾਨਿਤ ਕੀਤਾ ਗਿਆ।

*ਰਿਪੋਰਟ-ਚਰਨਜੀਤ ਬਿਨਪਾਲਕੇ (91-98148-39944*

# ਸਿਧਾਰਥ ਨਗਰ ’ਚ ਬੁੱਧ ਵਿਹਾਰ ਵਿਖੇ ਮੀਡੀਆ ਪ੍ਰਤੀ ਹੋਈਆਂ ਵਿਚਾਰਾਂ






**ਜਲੰਧਰ (ਨਵੀਨ ਮਹਿੰਮੀ)–** ਬੀਤੇ ਐਤਵਾਰ 30 ਸਤੰਬਰ ਨੂੰ ਹਫਤਾਵਾਰੀ ਪ੍ਰੋਗਰਾਮਾਂ ਦੀ ਤਰ੍ਹਾਂ ਇਸ ਵਾਰ ਵੀ ਹਫਤਾਵਾਰੀ ਸਮਾਗਮ ਦੋਰਾਨ ਜਿੱਥੇ ਮਾਣਯੋਗ ਸ੍ਰੀ ਰਾਮ ਲਾਲ ਦਾਸ ਜੀ ਨੇ ਬੁਧਿਸਟ ਪ੍ਰਵਚਨਾਂ ਨਾਲ ਉਪਾਸਕਾਂ ਨੂੰ ਨਿਹਾਲ ਕੀਤਾ, ਉਥੇ ਬੁੱਧ ਵਿਹਾਰ ਦੀ ਡਿਵੈਲਪਮੈਂਟ ਅਤੇ ਮੀਡੀਏ ਪ੍ਰਤੀ ਵਿਚਾਰਾਂ ਦਾ ਆਦਾਨ-ਪ੍ਰਦਾਨ ਵੀ ਹੋਇਆ, ਜਿਸ ਵਿਚ ਅਮਰੀਕਾ ਤੋਂ ’ਦੇਸ਼ ਦੁਆਬਾ’ ਅਤੇ ’ਅੰਬੇਦਕਰ ਟਾਈਮਜ਼’ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਨੇ ਵੀ ਸ਼ਿਰਕਤ ਕੀਤੀ।

ਸ੍ਰੀ ਪ੍ਰੇਮ ਕੁਮਾਰ ਚੁੰਬਰ ਜਿਹਨਾਂ ਦਾ ਜਲੰਧਰ ’ਚ ਲੰਮੇ ਸਮੇਂ ਤੋਂ ਵੱਸਣਾ ਤੇ ਲੋਕਾਂ ਨਾਲ ਸਬੰਧਾਂ ਦੀ ਪੁਰਾਣੀ ਦਾਸਤਾਨ ਤੇ ਮੌਜੂਦਾ ਸਮੇਂ ਅਮਰੀਕਾ ’ਚ ਰਹਿ ਕੇ ਅਖਬਾਰ ਚਲਾਉਣ ਪ੍ਰਤੀ ਆਪਣੇ ਤੋਂ ਸੀਨੀਅਰ ਤੇ ਹਮਉਮਰ ਸਾਥੀਆਂ ਨਾਲ ਖੂਬ ਵਿਚਾਰਾਂ ਹੋਈਆਂ, ਜਿਸ ਦਾ ਸਭ ਨੇ ਜਾਣਕਾਰੀ ਭਰਪੂਰ ਆਨੰਦ ਮਾਣਿਆ। ਇਹ ਆਨੰਦ ਹੋਰ ਵੀ ਆਨੰਦਮਈ ਤੇ ਸੁਹਾਵਣਾ ਲੱਗਦਾ ਹੈ ਜਦੋਂ ਕੋਈ ਆਪਣਿਆਂ ਤੋਂ ਦੂਰ ਰਹਿ ਕੇ ਕੁਝ ਵਿਲੱਖਣ ਕਰਕੇ ਆਪਣਿਆਂ ’ਚ ਅਪਣੱਤ ਨਾਲ ਕੁਝ ਪਲ ਬਿਤਾਉਂਦਾ ਹੈ ਤੇ ਪ੍ਰਸ਼ੰਸਾ ਦੋਵੇਂ ਪਾਸਿਉਂ ਮਿਲਦੀ ਹੈ। ਅਜਿਹਾ ਹੀ ਸੁਹਾਵਣਾ ਮਾਹੌਲ 30 ਸਤੰਬਰ ਨੂੰ ਵੇਖਣ ਨੂੰ ਮਿਲਿਆ। ਇਸ ਮੌਕੇ ਕੁਝ ਪੁਰਾਣੇ ਅਤੇ ਕੁਝ ਨਵਿਆਂ ਦਾ ਸੰਗ ਇਕ ਅਗਾਂਹਵਧੂ ਸੋਚ ਨੂੰ ਜਨਮ ਦੇ ਰਿਹਾ ਸੀ। ਇਹਨਾਂ ਵਿਚ ਸੀਨੀਅਰ ਸਾਥੀ ਸ੍ਰੀ ਰਾਮਲਾਲ ਦਾਸ (ਰਿਟਾਇਰਡ ਬੈਂਕ ਮੈਨੇਜਰ), ਸ੍ਰੀ ਹਰਮੇਸ਼ ਜੱਸਲ (ਮਾਲਕ ਮਲਿੰਦ ਪ੍ਰਕਾਸ਼ਨ) ਅਤੇ ਰਿਪਬਲਿਕਨ ਪਾਰਟੀ ਆਫ ਇੰਡੀਆ ਦੇ ਰਹਿ ਚੁੱਕੇ ਸਰਗਰਮ ਨੇਤਾ, ਜਿਹਨਾਂ 1964 ਦੇ ਇਤਿਹਾਸਕ ਮੋਰਚੇ ’ਚ ਬੜੀ ਬਾਲਪਣ ਉਮਰ ’ਚ ਹਿੱਸਾ ਵੀ ਲਿਆ ਸੀ। ਸ੍ਰੀਮਾਨ ਪ੍ਰਕਾਸ਼ ਚੰਦ ਜੱਸਲ ਜੋ ਅੱਜ ਪੂਰੀ ਸਰਗਰਮੀ ਨਾਲ ਅੰਬੇਡਕਰ ਮਿਸ਼ਨ ’ਚ ਆਪਣਾ ਯੋਗਦਾਨ ਪਾਉਂਦੇ ਆ ਰਹੇ ਹਨ, ਵੀ ਹਾਜ਼ਰ ਸਨ। ਇਸ ਮੌਕੇ ਉਹਨਾਂ ਆਪਣੇ ਪੁਰਾਣੇ ਸਾਥੀ ਜੋ ਜਿਸਮਾਨੀ ਤੌਰ ਤੇ ਵਿੱਛੜ ਚੁੱਕੇ ਸ੍ਰੀਮਾਨ ਸੀ. ਐਲ. ਚੁੰਬਰ ਸਾਹਿਬ ਨੂੰ ਵੀ ਯਾਦ ਕੀਤਾ। ਇਸ ਮੌਕੇ ਬਿੰਦਰ ਮਹੇ ਬੋਧ, ਚੰਚਲ ਬੋਧ, ਸੋਨੂੰ ਬੋਧ, ਮੁੰਨਾ ਲਾਲ ਬੋਧ, ਨਰਿੰਦਰ ਕੁਮਾਰ, ਕੁਲਦੀਪ ਕਲੇਰ ਅਤੇ ਗੌਤਮ ਬੋਧ ਵੀ ਹਾਜਰ ਸਨ। ਅਖੀਰ ਵਿਚ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੂੰ ਸ੍ਰੀ ਰਾਮਲਾਲ ਦਾਸ, ਹਰਮੇਸ਼ ਜੱਸਲ ਅਤੇ ਪ੍ਰਕਾਸ਼ ਜੱਸਲ ਨੇ ਬੁੱਧ ਵਿਹਾਰ ’ਚ ਸਥਾਪਤ ਦਫਤਰ ਵਿਚ ਰੱਖੀ ਇਕ ਵਿਸ਼ੇਸ਼ ਕਿਤਾਬਾਂ ਨਾਲ ਸਜੀ ਅਲਮਾਰੀ ਵੀ ਦਿਖਾਈ, ਜਿਸ ਵਿਚ ਸਿਰਫ ਤੇ ਸਿਰਵ ਸਵਰਗੀ ਮਾਣਯੋਗ ਨਾਮਵਰ ਅੰਬੇਡਕਰਾਈਟ ਬੁਧਿਸਟ ਸ੍ਰੀ ਡੀ. ਸੀ. ਅਹੀਰ ਸਾਹਿਬ ਦੀਆਂ ਕਿਤਾਬਾਂ ਸਨ, ਨੂੰ ਅਹੀਰ ਸਾਹਿਬ ਦੇ ਪਰਿਵਾਰ ਵੱਲੋਂ ਭੇਂਟ ਕੀਤਾ ਹੈ। ਸ੍ਰੀ ਚੁੰਬਰ ਨੂੰ ਜਿੱਥੇ ਉਹਨਾਂ ਸਾਰਿਆਂ ਨੇ ਮੀਡੀਏ ਰਾਹੀਂ ਪਾਏ ਜਾ ਰਹੇ ਅਹਿਮ ਯੋਗਦਾਨ ਲਈ ਸਲਾਹਿਆ, ਉਥੇ ਸ੍ਰੀ ਚੁੰਬਰ ਨੇ ਸਭ ਦਾ ਧੰਨਵਾਦ ਕਰਦਿਆ ਕਿਹਾ ਕਿ ਇਹ ਤੁਹਾਡਾ ਆਪਣਾ ਮੀਡੀਆ ਹੈ, ਜਿਸ ਵਿਚ ਆਪਣੀਆਂ ਅਨਮੋਲ ਲਿਖਤਾਂ ਨਾਲ ਦੇਸ਼ ਵਿਦੇਸ਼ ’ਚ ਭਾਈਚਾਰੇ ਨਾਲ ਸਾਂਝ ਵਧਾਓ।

# ਰਣਬੀਰ ਸਿੰਘ ਘੋਲੀਆ ਨੂੰ ਸਦਮਾਂ, ਮਾਤਾ ਦਾ ਦਿਹਾਂਤ



**ਫਰੀਮਾਂਟ (ਕੈਲੀਫੋਰਨੀਆ) ਨੀਟਾ ਮਾਛੀਕੇ/ਕੁਲਵੰਤ ਧਾਲੀਆਂ–** ਪੰਜਾਬੀ ਭਾਈਚਾਰੇ ਦੀ ਜਾਣੀ ਪਹਿਚਾਣੀ ਸ਼ਖ਼ਸੀਅਤ ਸ. ਰਣਬੀਰ ਸਿੰਘ ਘੋਲੀਆ ਜਿਨਾਂ ਦਾ ਪਿਛੋਕੜ ਪਿੰਡ ਘੋਲੀਆ ਕਲਾਂ ਜ਼ਿਲ੍ਹਾ ਮੋਗਾ ਨਾਲ ਹੈ ਦੇ ਸਤਿਕਾਰਯੋਗ ਮਾਤਾ ਜਸਵਿੰਦਰ ਕੌਰ ਜੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਬੀਤੇ ਦਿਨੀਂ ਈਡਨ ਹਸਪਤਾਲ ਕੈਸਟਰੋਵੈਲੀ ਕੈਲੇਫੋਰਨੀਆਂ ਵਿਖੇ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ ਹਨ।

ਉਹਨਾਂ ਦਾ ਫਿਊਨਰਲ ਮਿਤੀ 6 ਅਕਤੂਬਰ ਦਿਨ ਸ਼ਨੀਵਾਰ ਨੂੰ ਚੈਪਲ ਆਫ ਚਾਈਮਜ਼ ਫਿਊਨਰਲ ਹੋਮ ਹੇਵਰਡ ਵਿਖੇ ਦੁਪਹਿਰ 1 ਤੋਂ ਸ਼ਾਮੀਂ 3 ਵਜੇ ਦਰਮਿਆਨ ਹੋਵੇਗਾ। ਉਪਰੰਤ ਭੋਗ ਗੁਰਦਵਾਰਾ ਫਰੀਮੌਂਟ ਵਿਖੇ ਪਵੇਗਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਨੰਬਰ 510-943-8502

# ਗੋਆਰ ਭਾਈਚਾਰੇ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਇਆ ਜਾਵੇ-ਹਰੀ ਚੰਦ ਵਲਜੋਤ

## ਹੱਕ ਲੈਣ ਅਤੇ ਵਿਰਸੇ ਦੀ ਮਜ਼ਬੂਤੀ ਲਈ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਤੌਰ 'ਤੇ ਇੱਕਮੁੱਠ ਹੋਣ ਦੀ ਲੋੜ- ਉਮੇਸ਼ ਰਾਠੌਰ





**ਫਗਵਾੜਾ**-ਗੋਆਰ ਭਾਈਚਾਰੇ ਦੇ ਉਘੇ ਸਮਾਜ ਸੇਵੀ ਅਤੇ ਮਾਰਗ-ਦਰਸ਼ਕ ਬਾਬਾ ਬੂਟਾ ਰਾਮ ਧਰਮਸੋਤ ਦੀ 21ਵੀਂ ਬਰਸੀ ਦੌਰਾਨ ਇਥੇ ਮੰਦਿਰ ਸਿੱਧ ਬਾਬਾ ਬਾਲਕ ਨਾਥ ਵਿਖੇ ਹੋਇਆ ਵਿਸ਼ਾਲ ਸਮਾਗਮ ਕੌਮਾਂਤਰੀ ਪੱਧਰ ਦਾ ਸਮਾਗਮ ਹੋ ਨਿਬੜਿਆ। ਇਸ ਸਮਾਗਮ ਵਿੱਚ ਗੁਜਰਾਤ,. ਮਹਾਰਾਸ਼ਟਰ, ਰਾਜਸਥਾਨ, ਹਰਿਆਣਾ ਤੋਂ ਇਲਾਵਾ ਅਮਰੀਕਾ ਤੋਂ ਪਹੁੰਚੀਆਂ ਸਖਸੀਅਤਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਏਸ਼ੀਅਨ ਖੇਡਾਂ ਵਿੱਚ 5 ਹਜ਼ਾਰ ਅਤੇ 10 ਹਜ਼ਾਰ ਮੀਟਰ ਦੌੜ ਵਿੱਚ ਗੋਲਡ ਮੈਡਲ ਜਿੱਤਣ ਵਾਲੇ ਸ੍ਰੀ ਹਰੀ ਚੰਦ ਵਲਜੋਤ ਨੂੰ ਗੋਆਰ ਰਤਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਗੋਆਰ ਵਣਜਾਰਾ ਭਾਈਚਾਰੇ ਨੂੰ ਜਾਗਰੂਕ ਕਰ ਰਹੇ ਗੌਰਸਿਕਵਾੜੀ ਦੇ ਸ੍ਰੀ ਉਮੇਸ਼ ਰਾਠੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।

ਇਸ ਸਮੇਂ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਹਰੀ ਚੰਦ ਵਲਜੋਤ ਨੇ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਬੱਚਿਆਂ ਨੂੰ ਸਰੀਰਕ, ਮਾਨਸਿਕ ਅਤੇ ਰੂਹਾਨੀ ਪੱਧਰ ਦੀ ਪੜ੍ਹਾਈ ਵਿੱਚ ਪੂਰੀ ਤਰ੍ਹਾਂ ਮਾਹਰ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਅੱਜ ਦੀ ਵਿੱਦਿਆ ਬੱਚਿਆਂ ਨੂੰ ਡਿਗਰੀਆਂ ਅਤੇ ਸਰਟੀਫਿਕੇਟ ਤਾਂ ਦੇ ਰਹੀ ਹੈ ਪਰ ਆਤਮਕ, ਮਾਨਸਿਕ ਅਤੇ ਸਰੀਰਕ ਪੱਧਰ ਦੇ ਨਾਲ-ਨਾਲ ਰੂਹਾਨੀ ਦੌਲਤ ਤੋਂ ਸੱਖਣੇ ਕਰ ਰਹੀ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਉਨ੍ਹਾਂ ਦੀ ਇੱਛਾ ਮੁਤਾਬਕ ਸਿੱਖਿਆ ਦੇ ਵਿਸ਼ਿਆਂ ਅਤੇ ਖੇਡਾਂ ਦੀ ਚੋਣ ਕਰਨ ਦੇਣੀ ਚਾਹੀਦੀ ਹੈ। ਉਨ੍ਹਾਂ ਆਪਣੀ ਉਦਾਹਰਨ ਦਿੰਦਿਆਂ ਦੱਸਿਆ ਕਿ ਮੇਰੇ ਪਿਤਾ ਜੀ ਮੈਨੂੰ ਭਲਵਾਨ ਬਣਾਉਣਾ ਚਾਹੁੰਦੇ ਸਨ। ਇਸ ਲਈ ਰੋਜ਼ਾਨਾ ਕਈ-ਕਈ ਘੰਟੇ ਡੰਡ-ਬੈਠਕਾਂ ਅਤੇ ਹੋਰ ਕਸਰਤਾਂ ਕਰਵਾਉਂਦੇ ਸਨ।

ਉਨ੍ਹਾਂ ਕਿਹਾ ਕਿ ਮੇਰੀ ਇੱਛਾ ਦੌੜਾਕ ਬਣਨ ਦੀ ਸੀ। ਆਪਣੇ ਪਿਤਾ ਦੇ ਵਿਰੋਧ ਦੇ ਬਾਵਜੂਦ ਮੈਂ ਦੌੜਨਾ ਸ਼ੁਰੂ ਕੀਤਾ ਅਤੇ 1978 ਦੀਆਂ ਏਸ਼ੀਅਨ ਖੇਡਾਂ ਵਿੱਚ 5 ਹਜ਼ਾਰ ਅਤੇ 10 ਹਜ਼ਾਰ ਮੀਟਰ ਦੀਆਂ ਦੌੜਾਂ ਵਿੱਚ ਜਿੱਤ ਹਾਸਲ ਕਰਕੇ ਗੋਲਡ ਮੈਡਲ ਪ੍ਰਾਪਤ ਕੀਤੇ। ਉਨ੍ਹਾਂ ਕਿਹਾ ਕਿ ਅੱਜ ਵੀ ਸਾਨੂੰ ਆਪਣੇ ਬੱਚਿਆਂ ਨੂੰ ਹਰ ਤਰ੍ਹਾਂ ਦੀ ਨਿਗਰਾਨੀ ਰੱਖਣੀ ਚਾਹੀਦੀ ਹੈ, ਤਾਂ ਕਿ ਉਹ ਨਸ਼ਿਆਂ ਜਾਂ ਹੋਰ ਬੁਰਾਈਆਂ ਵਿੱਚ ਨਾ ਫਸ ਸਕਣ। ਉਨ੍ਹਾਂ ਇਹ ਵੀ ਕਿਹਾ ਕਿ ਲੜਕਿਆਂ ਨਾਲੋਂ ਲੜਕੀਆਂ ਵਧੇਰੇ ਲਾਇਕ ਨਿਕਲਦੀਆਂ ਹਨ। ਇਸ ਲਈ ਲੜਕੀਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇ ਸਾਡੇ ਪੁੱਤਰ ਲਾਇਕ ਨਹੀਂ ਨਿਕਲੇ ਤਾਂ ਸਾਨੂੰ ਆਪਣੇ ਪੋਤੇ-ਪੋਤੀਆਂ ਦੀ ਫਿਕਰ ਕਰਨੀ ਚਾਹੀਦੀ ਹੈ ਅਤੇ ਹਰ ਕੁਰਬਾਨੀ ਕਰਕੇ ਉਨ੍ਹਾਂ ਨੂੰ ਚੰਗੀ ਵਿੱਦਿਆ ਅਤੇ ਖੇਡਾਂ ਦੇ ਖੇਤਰ ਵਿੱਚ ਪਾਉਣਾ ਚਾਹੀਦਾ ਹੈ। ਇਸ ਮੌਕੇ ਸ੍ਰੀ ਉਮੇਸ਼ ਰਾਠੌਰ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਗੋਆਰ ਸਮਾਜ ਦਾ ਵਿਰਸਾ ਬਹੁਤ ਮਹਾਨ ਅਤੇ ਕੁਰਬਾਨੀਆਂ ਭਰਿਆ ਹੈ। ਸਾਨੂੰ ਆਪਣੇ ਵਿਰਸੇ ਦੀਆਂ ਪ੍ਰਾਪਤੀਆਂ ਦੁਨੀਆ ਨੂੰ ਦਿਖਾਉਣ ਲਈ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਪੱਧਰ 'ਤੇ ਲਾਮਬੰਦ ਹੋਣਾ ਚਾਹੀਦਾ ਹੈ।

ਇਸ ਮੌਕੇ ਗੌਰਸਿਕਵਾੜੀ ਦੇ ਸੰਯੋਜਕ ਡਾ. ਜੀਵਨ ਚਵਾਨ ਮਹਾਰਾਸ਼ਟਰ, ਰਾਜਸਥਾਨ ਤੋਂ ਹੰਸ ਰਾਜ ਨਾਮਸੋਤ ਸੰਪਾਦਕ ਗੋਆਰ ਜਾਗਰਿਤੀ ਮੈਗਜ਼ੀਨ, ਖਰੈਤੀ ਲਾਲਕਾ ਅੰਬਾਲਾ-ਹਰਿਆਣਾ, ਜੋਗਿੰਦਰ ਨਰਸੋਤ ਪਟਿਆਲਾ, ਜਗੀਰ ਚੰਦ ਘਮਰੌਦਾ, ਰਾਜ ਲਖੀਆ ਖੰਨਾ, ਰਸ਼ਪਾਲ ਲਾਲਕਾ ਖਾਂਬਰਾ, ਮੁਲਕ ਰਾਜ ਮੁਛਾਲ ਐਸ.ਡੀ.ਓ. ਕੁਹਾੜਾ, ਕਰਨੈਲ ਸਿੰਘ ਦਿਆਲਪੁਰੀ, ਦਲਵਿੰਦਰ ਦਿਆਲਪੁਰੀ, ਮਲਕੀਤ ਸਿੰਘ ਧਰਮਸੋਤ ਮਹਿਤਪੁਰ, ਪਿਆਰਾ ਲਾਲ ਮੋਰਿੰਡਾ, ਮੇਵਾ ਰਾਮ ਨਾਮਸੋਤ ਕੁਰੂਕਸ਼ੇਤਰ ਹਰਿਆਣਾ, ਜੰਗੀਰ ਚੰਦ ਵੜਤੀਆ ਖੱਤਰੀਵਾਲਾ, ਦਰਸ਼ਨ ਲਾਲ ਧਰਮਸੋਤ ਕੌਂਸਲਰ ਫਗਵਾੜਾ, ਅਸ਼ੋਕ ਕਮਲ ਧਰਮਕੋਟ ਫਗਵਾੜਾ, ਓਮ ਪ੍ਰਕਾਸ਼ ਕਮਲ ਧਰਮਕੋਟ ਫਗਵਾੜਾ, ਡਾ. ਬਲਵਿੰਦਰ ਦਾਲਮ ਧਰਮਸੋਤ ਅੰਮ੍ਰਿਤਸਰ, ਦੇਵ ਰਾਜ ਲਾਲਕਾ ਬਠਿੰਡਾ, ਡਾ. ਮਹਿੰਦਰ ਪਾਲ ਵਲਜੋਤ ਫਗਵਾੜਾ ਤੋਂ ਇਲਾਵਾ ਦੇਸ਼-ਵਿਦੇਸ਼ ਦੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

# ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਹੋਰਾਂ ਵੱਲੋਂ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀਆਂ

**ਨਵੀਂ ਦਿੱਲੀ**-ਰਾਸ਼ਟਰਪਤੀ ਰਾਮ ਨਾਥ ਕੋਵਿੰਦ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜਘਾਟ ਵਿਖੇ ਮਹਾਤਮਾ ਗਾਂਧੀ ਦੀ 149ਵੀਂ ਜੈਅੰਤੀ ਮੌਕੇ ਸ਼ਰਧਾਂਜਲੀ ਭੇਟ ਕੀਤੀ ਤੇ ਲੋਕਾਂ ਨੂੰ ਰਾਸ਼ਟਰਪਿਤਾ ਦੇ ਅਸੂਲਾਂ ਪ੍ਰਤੀ ਸਮਰਪਣ ਤੇ ਉਨ੍ਹਾਂ ਦੇ ਸੁਫ਼ਨੇ ਪੂਰੇ ਕਰਨ ਦਾ ਹੋਕਾ ਦਿੱਤਾ।

ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ, ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੇ ਯੂਪੀਏ ਚੇਅਰਪਰਸਨ ਸੋਨੀਆ ਗਾਂਧੀ ਨੇ ਵੀ ਇੱਥੇ ਯਾਦਗਾਰ ਵਿਖੇ ਪਹੁੰਚ ਕੇ ਮਹ-ਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕੀਤੀ। ਰਾਸ਼ਟਰਪਤੀ ਕੋਵਿੰਦ ਨੇ ਇਕ ਟਵੀਟ ਵਿੱਚ ਕਿਹਾ ''ਗਾਂਧੀ ਜੈਅੰਤੀ ਮੌਕੇ ਬਾਪੂ ਨੂੰ ਸ਼ਰਧਾਂਜਲੀ। ਆਓ ਸ਼ਾਂਤੀ, ਭਾਈਚਾਰਾ, ਸਦਭਾਵਨਾ ਤੇ ਸਰਬਸਾਂਝੇ ਕੌਮੀ ਵਿਕਾਸ ਜਿਹੀਆਂ ਮਹਾਤਮਾ ਗਾਂਧੀ ਵੱਲੋਂ ਪ੍ਰਚਾਰੀਆਂ ਜਾਂਦੀਆਂ ਕਦਰਾਂ ਕੀਮਤਾਂ ਪ੍ਰਤੀ ਮੁੜ ਸਮਰਪਣ ਕਰੀਏ। ਗਾਂਧੀ ਜੀ ਦਾ ਸੰਦੇਸ਼ ਸਾਡੇ ਸਾਰਿਆਂ ਲਈ ਪ੍ਰਸੰਗਕ ਹੈ ਤੇ ਉਹ ਸਾਡੇ ਮਾਰਗ ਦਰਸ਼ਕ ਬਣੇ ਰਹਿਣਗੇ।'' ਸ੍ਰੀ ਮੋਦੀ ਨੇ ਆਪਣੇ ਟਵੀਟ ਵਿੱਚ ਕਿਹਾ '' ਮਹਾਤਮਾ ਗਾਂਧੀ ਦੇ ਮਹਾਨ



ਵਿਚਾਰ ਦੁਨੀਆਂ ਭਰ ਦੇ ਕਰੋੜਾਂ ਲੋਕਾਂ ਨੂੰ ਤਾਕਤ ਦਿੰਦੇ ਹਨ। ਉਹ ਮਹਾਨ ਹਸਤੀ ਸਨ ਜਿਨ੍ਹਾਂ ਦੂਜਿਆਂ ਲਈ ਜੀਵਿਆ ਤੇ ਦੁਨੀਆ ਨੂੰ ਇਕ ਬਿਹਤਰ ਜਗ੍ਹਾ ਬਣਾਇਆ। ਰਾਜਘਾਟ ਵਿਖੇ 2 ਅਕਤੂਬਰ ਨੂੰ ਸਵੇਰੇ ਸ਼ਰਧਾਂਜਲੀ ਭੇਟ ਕਰਨ ਆਉਣ ਵਾਲੇ ਆਗੂਆਂ ਵਿੱਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੇ ਸੋਨੀਆ ਗਾਂਧੀ ਵੀ ਸ਼ਾਮਲ ਸਨ ਤੇ ਇੱਥੋਂ ਉਹ ਜਲਦੀ ਹੀ ਵਰਧਾ ਲਈ ਰਵਾਨਾ ਹੋ ਗਏ ਜਿੱਥੇ ਕਾਂਗਰਸ ਵਰਕਿੰਗ ਕਮੇਟੀ (ਸੀਡਬਲਯੂਸੀ) ਦੀ ਮੀਟਿੰਗ ਹੋਣੀ ਸੀ। ਰਾਸ਼ਟਰਪਤੀ, ਉਪ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੇ ਵਿਜੈ ਘਾਟ ਪਹੁੰਚ ਕੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੇ ਜਨਮ ਦਿਵਸ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਉਪ ਰਾਜਪਾਲ ਅਨਿਲ ਬੈਜਲ, ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਦਿੱਲੀ ਵਿਧਾਨ ਸਭਾ ਦੇ ਸਪੀਕਰ ਰਾਮ ਨਿਵਾਸ ਗੋਇਲ, ਸੀਨੀਅਰ ਭਾਜਪਾ ਆਗੂ ਐਲ ਕੇ ਅਡਵਾਨੀ ਆਦਿ ਨੇ ਵੀ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕੀਤੀ।

# ਕੁਲਵਿੰਦਰ ਸਿੰਘ ਕਾਲਾ ਰੱਤੋਂ ਵਾਲਾ ਨੂੰ ਤਰੱਕੀ ਹੋਣ ਤੇ ਸ਼ਾਨੋ-ਸ਼ੌਕਤ ਨਾਲ ਵਿਦਾਇਗੀ ਪਾਰਟੀ

**ਐਸ. ਏ. ਐਸ. ਨਗਰ (ਮੁਹਾਲੀ) (ਪ੍ਰੀਤਮ ਲੁਧਿਆਣਵੀ):** ਸਥਾਨਕ ਸੈਕਟਰ-55 ਵਿਚ ਪੈਂਦੇ ਮੁੱਖ ਡਾਕਘਰ ਵਿਖੇ ਇੱਥੋਂ ਦੇ ਮੁਲਾਜਮ ਕੁਲਵਿੰਦਰ ਸਿੰਘ ਕਾਲਾ ਰੱਤੋਂ ਵਾਲਾ ਨੂੰ, ਉਸ ਦੀ ਪੋਸਟਮੈਨ ਤੋਂ ਮੇਲ ਓਵਰਸੀਜ ਦੇ ਅਹੁੱਦੇ ਤੇ ਤਰੱਕੀ ਹੋਣ ਵਜੋਂ ਅੱਜ ਬੜੀ ਸ਼ਾਨੋ-ਸ਼ੌਕਤ ਨਾਲ ਯਾਦਗਾਰੀ ਚਿੰਨ ਦਿੰਦਿਆਂ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਤੇ ਡਾਕ ਘਰ ਦੇ ਪੋਸਟ ਮਾਸਟਰ ਸ੍ਰ. ਜਰਨੈਲ ਸਿੰਘ ਅਤੇ ਨੈਸ਼ਨਲ ਐਸੋਸੀਏਸ਼ਨ ਆਫ ਪੰਜਾਬ, ਪੋਸਟਲ ਇੰਮਪਲਾਈਜ ਦੇ ਪ੍ਰਧਾਨ ਸ੍ਰ. ਬਲਜਿੰਦਰ ਸਿੰਘ ਰਾਏਪੁਰ ਕਲਾਂ ਨੇ ਬੋਲਦਿਆਂ ਵਿਦਾ ਹੋ ਰਹੇ ਮੁਲਾਜਮ ਦੀਆਂ ਸੇਵਾਂਵਾਂ ਦੀ ਭਰਪੂਰ ਸ਼ਲਾਘਾ ਕੀਤੀ। ਜਿਕਰ ਯੋਗ ਹੈ ਕਿ ਕੁਲਵਿੰਦਰ ਸਿੰਘ ਨੇ ਕਰੀਬ 14 ਸਾਲ ਪਹਿਲਾਂ ਵਿਭਾਗ ਵਿਚ ਜੁਆਇੰਨ ਕੀਤਾ ਸੀ। ਇਸ ਅਰਸੇ ਦੌਰਾਨ ਕੁਲਵਿੰਦਰ ਨੇ ਬੜੀ ਇਮਾਨਦਾਰੀ, ਦਿਆਂਤਦਾਰੀ ਅਤੇ ਮਿਹਨਤ ਨਾਲ ਆਪਣੀ ਡਿਉਟੀ ਭੁਗਤਾਈ, ਜਿਸ ਦੇ ਨਤੀਜਨ ਅੱਜ ਉਹ ਤਰੱਕੀ ਪਾ ਕੇ ਉਚ ਪੋਸਟ ਤੇ ਜਾ ਰਿਹਾ ਹੈ।



ਇਸ ਅਵਸਰ ਤੇ ਸਥਾਨਕ ਡਾਕ-ਘਰ ਦੇ ਸਟਾਫ-ਮੈਂਬਰਾਂ ਵਿਚ ਜਿੱਥੇ ਮਦਨ ਪਾਲ, ਕਰਮ ਸਿੰਘ, ਪਰਮਜੀਤ ਕੌਰ, ਹਰਪ੍ਰੀਤ ਕੌਰ, ਪ੍ਰਵੀਨ ਰਾਣੀ, ਸੁਨੀਲਾ ਸਰਮਾ, ਅਰਚਨਾ ਅਤੇ ਨੀਤੂ ਚੌਹਾਨ ਆਦਿ (ਸਭੇ ਹੀ ਪੀ. ਏ. ਦੇ ਅਹੁੱਦਿਆਂ ਤੇ ਤਾਇਨਾਤ) ਹਾਜਰ ਸਨ, ਉਥੇ ਪੋਸਟ-ਮੈਨ ਦੀਆਂ ਜਿੰ-ਮੇਵਾਰੀਆਂ ਨਿਭਾਂ ਰਹੇ ਕਰਮਚਾਰੀ ਦਲਜੀਤ ਸਿੰਘ, ਬਲਜੀਤ ਖਾਨ, ਹਰੀ ਨਰੈਣ, ਹਰਜਿੰਦਰ ਸਿੰਘ , ਪ੍ਰਸ਼ੋਤਮ ਲਾਲ ਝਾਂਡੀਆਂ ਅਤੇ ਭਾਰਤੀ ਸਰਮਾ ਆਦਿ ਨੇ ਵੀ ਸਮਾਗਮ ਦੌਰਾਨ ਹਾਜਰੀਆਂ ਭਰੀਆਂ। ਇਸ ਤੋ ਇਲਾਵਾ ਆਤਮਾ ਸਿੰਘ, ਗੁਰਦੇਵ ਸਿੰਘ, ਅਨਿਲ ਸ਼ਰਮਾ ਆਦਿ ਮੁਲਾਜਮ ਵੀ ਹਾਜਰ ਸਨ।ਕੁੱਲ ਮਿਲਾਕੇ ਮਹਿਕਾਂ ਵੰਡਦਾ ਇਹ ਵਿਦਾਇਗੀ-ਪਾਰਟੀ ਸਮਾਗਮ ਖੂਬ ਪ੍ਰਭਾਵਸ਼ਾਲੀ ਹੋ ਨਿੱਬੜਿਆ।

# ਕੁਨਾਲ ਦੇ ਦੋ ਗਾਣੇ ਇਸੇ ਹਫ਼ਤੇ ਹੋਣਗੇ ਰਲੀਜ਼

**ਮੁੰਬਈ (ਬਿਊਰੋ)**-ਪੰਜਾਬੀ ਗਾਇਕ ਕੁਨਾਲ ਦੇ ਦੋ ਗਾਣੇ ਇਸੇ ਹਫ਼ਤੇ ਮੁੰਬਈ ਵਿਚ ਰਲੀਜ਼ ਹੋ ਰਹੇ ਹਨ। ਫਿਰ ਉਹੀ ਜਿੰਦਗੀ ਤੇ ਵੇ ਸੱਜਣਾ ਦੇ ਮੁਖੜੇ ਵਾਲੇ ਇਹ ਗਾਣੇ ਰੋਮਾਂਟਿਕ ਤੇ ਗੰਭੀਰ ਹਨ ਜਿਨ੍ਹਾਂ ਨੂੰ ਗਾਇਕ ਕੁਨਾਲ ਨੇ ਦਿੱਲ ਦੀਆਂ ਗਹਿਰਾਈਆਂ ਤੋਂ ਗਾਇਆ ਹੈ। ਇਹ ਪਰਿਵਾਰਕ ਗਾਣੇ ਹਨ। ਇਨ੍ਹਾਂ ਗਾਣਿਆਂ ਦੀ ਪੇਸ਼ਕਾਰੀ ਪੀ.ਕੇ ਮਿਊਜ਼ਿਕ ਫੈਕਟਰੀ ਤੇ ਬੂਟਾ ਸਿੰਘ ਬਾਸੀ ਸੰਪਾਦਕ ਸਾਂਝੀ ਸੋਚ ਵੱਲੋਂ ਕੀਤੀ ਜਾ ਰਹੀ ਹੈ। ਸੰਜੇ ਮਠਾਰੂ ਵੱਲੋਂ ਲਿਖੇ ਇਹ ਗਾਣੇ ਬਹੁਤ ਜਲਦੀ ਯੂ ਟਿਊਬ ਅਤੇ ਟੀ.ਵੀ ਉਪਰ ਸੁਣਨ ਨੂੰ ਮਿਲਣਗੇ। ਗਾਣਿਆਂ ਦੀ ਵੀਡੀਓਗਰਾਫ਼ੀ ਵੀ ਸੰਜੇ ਮਠਾਰੂ ਨੇ ਕੀਤੀ ਹੈ। ਮਾਹੀ ਢਿਲੋ, ਅਵੇਜੀਤ ਅਤਰੀ, ਅਰਪਿਤ ਸੋਨੀ, ਪ੍ਰੀਤੀ ਤੇ ਭਾਵਿਆ ਆਦਿ ਕਲਾਕਾਰਾਂ ਦੀ ਅਦਾਕਾਰੀ ਨੇ ਗਾਣਿਆਂ ਦੇ ਫਿਲਮਆਂਕਣ ਨੂੰ ਚਾਰ ਚਨ੍ਹ ਲਾਏ ਹਨ। ਉਮੀਦ ਰਖਦੇ ਹਾਂ ਕਿ ਸਰੋਤੇ ਇਨ੍ਹਾਂ ਗਾਣਿਆਂ ਨੂੰ ਭਰਪੂਰ ਹੁੰਗਾਰਾ ਭਰਨਗੇ।







# ਬਰਤਾਨੀਆ ਵਿਚ ਸਿੱਖਾਂ ਦੇ ਘਰਾਂ 'ਤੇ ਪੁਲਿਸ ਦੀ ਛਾਪੇਮਾਰੀ

**ਲੰਡਨ** – ਬਰਤਾਨੀਆ ਦੀ ਵੈਸਟ ਮਿਡਲੈਂਡ ਪੁਲਿਸ ਨੇ ਕੁੱਝ ਥਾਵਾਂ 'ਤੇ ਸਿੱਖਾਂ ਦੇ ਘਰਾਂ ਵਿਚ ਛਾਪੇਮਾਰੀ ਕੀਤੀ ਹੈ। ਲੰਡਨ ਪੁਲਿਸ ਦੇ 'ਅੱਤਵਾਦ ਵਿਰੋਧੀ ਦਸਤੇ' ਵੱਲੋਂ ਇਹ ਛਾਪੇਮਾਰੀ ਭਾਰਤ ਵਿਚ ਵਾ-ਪਰੀਆਂ ਕੁਝ ਘਟਨਾਵਾਂ ਦੀ ਜਾਂਚ ਨਾਲ ਸਬੰਧਤ ਦੱਸੀ ਜਾ ਰਹੀ ਹੈ।ਪੁਲਿਸ ਦੀ ਇਸ ਸਰਗਰਮੀ ਨੂੰ ਬੀਤੇ ਦਿਨੀਂ ਹੋਈ ਸਿੱਖ ਫੈਡਰੇਸ਼ਨ ਯੂਕੇ ਦੀ ਸਾਲਾਨਾ ਕਾਨਫਰੰਸ ਨਾਲ ਜੋੜ ਕੇ ਵੀ ਪੇਸ਼ ਕੀਤਾ ਜਾ ਰਿਹਾ ਹੈ। ਇਸ ਸਬੰਧੀ ਵੈਸਟ ਮਿਡਲੈਂਡ ਪੁਲਿਸ ਨੇ ਆਪਣੇ ਸੋਸ਼ਲ ਮੀਡੀਆਂ ਖਾਤਿਆਂ 'ਤੇ ਵੀ ਜਾਣਕਾਰੀ ਸਾਂਝੀ ਕੀਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਜਾਂਚ ਅੱਗੇ ਵੀ ਜਾਰੀ ਰਹੇਗੀ। ਇਸ ਦੌਰਾਨ ਦੋ ਸਿੱਖ ਵੈਬਸਾਈਟਾਂ ਨੈਵਰਫੋਰਗੈਟ 84 ਡੌਟ ਕੌਮ ਅਤੇ 1984 ਟ੍ਰਿਬਿਊਟ ਡੌਟ ਕੌਮ ਵੀ ਬੰਦ ਕਰ ਦਿੱਤੀਆਂ ਗਈਆਂ ਹਨ। ਸੂਤਰਾਂ ਮੁਤਾਬਕ ਇਹਨਾਂ ਵੈਬ-ਸਾਈਟਾਂ 'ਤੇ ਭਾਰਤੀ ਕਬਜ਼ੇ ਤੋਂ ਪੰਜਾਬ ਨੂੰ ਆਜ਼ਾਦ ਕਰਾਉਣ ਲਈ ਬੀਤੇ ਸਮੇਂ ਵਿਚ ਚੱਲੇ ਸਿੱਖ ਸੰਘਰਸ਼ ਨਾਲ ਸਬੰਧਤ ਜਾਣਕਾਰੀ ਪਾਈ ਗਈ ਸੀ। ਇਸ ਸਬੰਧੀ ਬਰਤਾਨੀਆ ਵਿਚ ਰਹਿਣ ਵਾਲੇ ਅਵਤਾਰ ਸਿੰਘ ਖੰਡਾ ਅਜ਼ਾਦ ਨੇ ਕਿਹਾ ਹੈ ਕਿ ਇਹ ਛਾਪੇਮਾਰੀ ਹਿੰਦੁਸਤਾਨ ਦੀ ਸਰਕਾਰ ਦੇ ਕਹਿਣ 'ਤੇ ਹੋਈ ਹੈ।

# ਲੇਖਕ ਤੇ ਮੀਡੀਆ ਵਿਸ਼ੇਸ਼ਗ ਡਾ.ਕ੍ਰਿਸ਼ਨ ਕੁਮਾਰ ਰੱਤੂ ਦੀ ਨਵੀ ਕਿਤਾਬ ਰਾਸ਼ਟਰਪਤੀ ਨੂੰ ਭੇਂਟ

(ਸਫਾ 1 ਦੀ ਬਾਕੀ)

ਹਨ ਅਤੇ ਇਹ ਕਿਤਾਬ ਭਾਸ਼ਾਵਾਂ ਦੀ ਏਕਤਾ ਤੇ ਤਕਨੀਕ ਦੀ ਖੋਜ ਦਾ ਮਹੱਤਵਪੂਰਨ ਸਰੋਤ ਹੋਵੇਗੀ। ਇਥੇ ਇਹ ਵਿਸ਼ੇਸ਼ ਵਰਨਣ ਯੋਗ ਹੈ ਕਿ ਡਾ. ਰੱਤੂ ਦੀ ਮੀਡਿਆ ਭਾਸ਼ਾ ਤੇ ਇਹ ਸੱਤਰਵੀਂ ਪੁਸਤਕ ਹੈ. ਰਾਸ਼ਟਰਪਤੀ ਭਵਨ ਵਿਚ ਇਸ ਮੌਕੇ ਤੇ ਕੇਂਦਰੀ ਮੰਤਰੀ ਸ਼੍ਰੀ ਵਿਜੈ ਸਾਂਪਲਾ ਤੇ ਸਿਖਿਆਵਿਦ ਡਾ. ਕਮਲਾ ਰੱਤੂ ਵੀ ਮੌਜੂਦ ਸਨ. ਇਥੇ ਇਹ ਵਿਸ਼ੇਸ਼ ਵਰਨਣ ਯੋਗ ਹੈ ਕਿ ਡਾ. ਰੱਤੂ ਪਿਛਲੇ ਚਾਲੀ ਸਾਲਾਂ ਤੋਂ ਮੀਡੀਆ ਸਹਿਤ ਤੇ ਪੱਤਰਕਾਰਿਤਾ ਦੇ ਖੇਤਰ ਵਿਚ ਕਾਰਜਸ਼ੀਲ ਹਨ ਅਤੇ ਦੇਸ਼ ਦੇ ਕਈ ਕੇਂਦਰਾਂ ਦੇ ਡਾਇਰੈਕਟਰ ਰਹਿ ਚੁਕੇ ਹਨ।












ਉਹ ਲੜਕੀ ਜਿਸ ਦੇ ਕੋਲ ਜੁੱਤੇ ਖਰੀਦਣ ਲਈ ਵੀ ਪੈਸੇ ਨਹੀਂ ਸਨ, ਹੁਣ ਉਹ ਦੁਨੀਆਂ ਦੀ ਸਭ ਤੋਂ ਵੱਡੀ ਜੁੱਤੇ ਬਣਾਉਣ ਵਾਲੀ ਬ੍ਰਾਂਡ ਕੰਪਨੀ ਐਡੀਡਾਸ ਦੇ ਜੁੱਤਿਆਂ ਦੀ ਮਸ਼ਹੂਰੀ ਕਰਦੀ ਆਵੇਗੀ। ਭਾਰਤੀ ਐਥਲੀਟ ਜਿਸ ਨੇ ਹਾਲ ਹੀ ਵਿਚ ਸਾਰੇ ਵਿਸ਼ਵ ਰਿਕਾਰਡ ਤੋੜ ਕੇ ਇਕ ਨਵਾਂ ਰਿਕਾਰਡ ਬਣਾਇਆ ਹੈ, ਨੂੰ ਐਡੀਡਾਸ ਨੇ ਆਪਣਾ ਬ੍ਰਾਂਡ ਅੰਬੈਸਡਰ ਚੁਣਿਆ ਹੈ।

# ਨਿਊਜਰਸੀ ਚ' ਹੋਏ ਸੁੰਦਰਤਾ ਦੇ ਮੁਕਾਬਲਿਆਂ ਚ' ਮਿਸ ਇੰਡੀਆ (ਨਿਊਜਰਸੀ) ਦਾ ਖਿਤਾਬ ਕਿਮ ਕੁਮਾਰੀ ਨੇ ਜਿੱਤਿਆ

**ਨਿਊਜਰਸੀ (ਰਾਜ ਗੋਗਨਾ)—** ਬੀਤੇਂ ਦਿਨ ਨਿਊਜਰਸੀ ਚ' ਹਰ ਸਾਲ ਬਿਊਟੀ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਸਾਲ 2018 ਦਾ ਮੁਕਾਬਲਾ ਨਿਊਜਰਸੀ ਸੂਬੇ ਦੇ ਨਾਮਵਰ ਭਾਰਤੀ ਹੋਟਲ ਰਾਇਲ ਐਲਬਰਟ ਪੈਲੇਸ ਫੋਰਡ ਵਿਖੇਂ ਹੋਏ। ਇਸ ਸੁੰਦਰਤਾ ਪ੍ਰਤਿਯੋਗਤਾ ਚ' ਮਿਸ ਟੀਨ, ਮਿਸ, ਮਿਸਜ ਦੇ ਮੁਕਾਬਲੇ ਹੋਏ।



ਟੀਨ ਜੇਂਤੂ ਚ' ਈਸ਼ਾ ਕੋਡੇ, ਮਿਸ ਇੰਡੀਆ (ਨਿਊਜਰਸੀ) ਦਾ ਖਿਤਾਬ ਕਿਮ ਕੁਮਾਰੀ ਸਪੁੱਤਰੀ ਸੁਰਿੰਦਰ ਕੁਮਾਰ ਗੋਗਨਾ ਨੇ ਜਿੱਤਿਆ ਅਤੇ ਮਿਸਜ ਇੰਡੀਆ (ਨਿਊਜਰਸੀ) 2018 ਚ' ਰੁਚੀਤਾ ਮੋਦੀ ਸ਼ਾਹ ਚੁਣੀ ਗਈ।ਅਤੇ ਪ੍ਰਬੰਧਕਾਂ ਵੱਲੋਂ ਇੰਨਾਂ ਦੇ ਸਿਰਾਂ ਤੇ ਤਾਜ ਸਿਰਜਿਆਂ ਗਿਆ।

ਇਹ ਪ੍ਰਤਿਯੋਗਤਾ ਨਿਊਜਰਸੀ ਚ' ਉੱਘੇ ਹੋਟਲ ਕਾਰੋਬਾਰੀ ਐਲਬਰਟ ਡਿਸਾਨੀ ਸਟੇਟ ਡਾਇਰੈਕਟਰ ਸ਼ੋਬਨਾ ਪਟੇਲ ਵੱਲੋਂ ਕਰਵਾਈ ਗਈ ਸੀ।

# ਲੋਕ ਮੁੱਦਿਆਂ ਤੇ ਪੱਤਰਕਾਰਤਾ ਕਰਨ ਵਾਲੇ ਪੱਤਰਕਾਰਾਂ ਨੂੰ ਲੋੜ ਪੈਣ ਤੇ ਦਿੱਤੀ ਜਾਵੇਗੀ ਮੁਫਤ ਕਾਨੂੰਨੀ ਸਹਾਇਤਾ : ਮਹਿਦੂਦਾਂ

ਲੁਧਿਆਣਾ- ਜਮਾਲਪੁਰ ਪ੍ਰੈਸ ਗਰੁੱਪ ਦੀ ਮਹੀਨਾਵਰ ਮੀਟਿੰਗ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਦੂਦਾਂ ਦੀ ਅਗਵਾਈ ਹੇਠ ਡਾ: ਅੰਬੇਡਕਰ ਸਿੱਖ ਸੈਂਟਰ ਅਤੇ ਲਾਇਬਰੇਰੀ ਵਿਖੇ ਹੋਈ ਜਿਸ ਵਿੱਚ ਸੀਨੀਅਰ ਪੱਤਰਕਾਰ ਰਾਮ ਗੁਪਤਾ ਦੀਆਂ ਪੱਤਰਕਾਰਤਾ ਖੇਤਰ ਵਿੱਚ ਦਿੱਤੀਆਂ ਸੇਵਾਵਾਂ ਨੂੰ ਦੇਖਦਿਆਂ ਸਰਬਸੰਮਤੀ ਨਾਲ ਗਰੁੱਪ ਦਾ ਚੇਅਰਮੈਨ ਬਣਾਇਆ ਗਿਆ। ਉਨ੍ਹਾਂ ਦਾ ਸਨਮਾਨ ਸੀਨੀਅਰ ਪੱਤਰਕਾਰ ਕਿਰਨਵੀਰ ਮਾਂਗਟ, ਰਾਜਿੰਦਰ ਮਹਿਮੀਂ ਅਤੇ ਜਗਰੂਪ ਭਾਮੀਆਂ ਨੇ ਸਾਂਝੇ ਤੌਰ ਤੇ ਕੀਤਾ। ਇਸ ਮੌਕੇ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਕਿਹਾ ਕਿ ਲੋਕ ਮੁੱਦਿਆਂ ਤੇ ਸਾਫ ਸੁਥਰੀ ਪੱਤਰਕਾਰਤਾ ਕਰਨ ਵਾਲੇ ਪੱਤਰਕਾਰਾਂ ਦੇ ਰਾਹਾਂ



ਵਿੱਚ ਬਹੁਤ ਸਾਰੀਆਂ ਔਕੜਾਂ ਆਉਂਦੀਆਂ ਹਨ ਅਤੇ ਅਕਸਰ ਸਮਾਜ ਵਿਰੋਧੀ ਤਾਕਤਾਂ ਉਨ੍ਹਾਂ ਤੇ ਦਬਾਓ ਬਣਾਉਣ ਦੀ ਕੋਸ਼ਿਸ ਕਰਦੀਆਂ ਹਨ। ਪੁਲਿਸ ਕੋਲ ਮਾਮਲੇ ਰੱਖਣ ਤੇ ਵੀ ਭ੍ਰਿਸਟ ਹੋ ਚੁੱਕਿਆ ਏਹ ਵਿਭਾਗ ਸਮਾਜ ਵਿਰੋਧੀ ਗੁੰਡਾ ਕਿਸਮ ਦੇ ਲੋਕਾਂ ਦੀ ਪੁਸ਼ਤਪਨਾਹੀ ਕਰਦਾ ਨਜ਼ਰ ਆਉਂਦਾ ਹੈ। ਅਜਿਹੇ ਮਾਹੌਲ ਵਿੱਚ ਪੱਤਰਕਾਰ ਨੂੰ ਡਰਨ ਜਾਂ ਘਬਰਾਉਣ ਦੀ ਲੋੜ ਨਹੀ ਹੈ ਸਗੋਂ ਉਸ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਸ ਦੀ ਪੱਤਰਕਾਰਤਾ ਸਹੀ ਦਿਸ਼ਾ ਵਿੱਚ ਵੱਲ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡਾ ਗਰੁੱਪ ਜਿਥੇ ਪੱਤਰਕਾਰਤਾ ਦੇ ਅਰਥ ਤੋਂ ਅਣਜਾਣ ਪੱਤਰਕਾਰ ਦੀ ਮੱਦਦ ਨਹੀ ਕਰੇਗਾ ਉਥੇ ਹੀ ਉਸ ਪੱਤਰਕਾਰ ਨਾਲ ਚੱਟਾਨ ਵਾਂਗ ਖੜ੍ਹੇਗਾ ਜੋ ਪੱਤਰਕਾਰਤਾ ਦੇ ਗੌਰਵ ਨੂੰ ਬਚਾਉਣ ਅਤੇ ਅੱਗੇ ਲੈ ਕੇ ਜਾਣ ਲਈ ਨਿੱਜੀ ਹਿੱਤਾਂ ਦਾ ਵੀ ਤਿਆਗ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਾਡੇ ਨਾਲ ਸ਼ਹਿਰ ਦੇ ਸੀਨੀਅਰ ਵਕੀਲ ਵੀ ਜੁੜੇ ਹਨ ਜਿਨ੍ਹਾਂ ਦੀਆਂ ਮੁਫਤ ਸੇਵਾਵਾਂ ਖੋਜੀ ਤੇ ਜੁਝਾਰੂ ਪੱਤਰਕਾਰਾਂ ਨੂੰ ਲੋੜ ਪੈਣ ਤੇ ਦਿੱਤੀਆਂ ਜਾਣਗੀਆਂ। ਇਸ ਮੌਕੇ ਜਗਮੀਤ ਵਿੱਕੀ, ਪ੍ਰਦੀਪ ਭੰਡਾਰੀ, ਗੋਪਾਲ ਜਮਾਲਪੁਰੀ, ਅਨਿਲ ਕੰਬੋਜ, ਵਿਪਨ, ਡਾ: ਕੁਲਦੀਪ ਸਿੰਘ, ਸੰਜੇ ਭਾਟੀਆ, ਸੁਰਿੰਦਰ ਗੋਇਲ, ਰਾਮਕ੍ਰਿਸ਼ਨ, ਨਵੀਨ ਕਪੂਰ, ਅਸ਼ਵਨੀ ਕੁਮਾਰ ਅਤੇ ਹੋਰ ਹਾਜਰ ਸਨ।



# MAHA RISHI VALMIK SABHA USA

## YUBA CITY, CALIFORNIA



ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ)

ਪਾਵਨ ਵਾਲਮੀਕ ਤੀਰਥ ਅੰਮ੍ਰਿਤਸਰ

### ਗੁਰੂ ਪਿਆਰੀ ਸਾਧ ਸੰਗਤ ਜੀਓ!

ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਊ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆਵਾਂ ਸਬੰਧੀ ਕਥਾਵਾਂ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਮੰਨੇ-ਪ੍ਰਮੰਨੇ ਕਲਾਕਾਰ ਭਗਵਾਨ ਵਾਲਮੀਕ ਜੀ ਦਾ ਭਜਨ ਕਰ ਸੰਗਤਾਂ ਨੂੰ ਨਿਹਾਲ ਕਰਨਗੇ।

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਪ੍ਰਗਟ ਦਿਵਸ ਨਾਲ ਸਬੰਧਤ ਹੇਠ ਲਿਖੇ ਸਾਰੇ ਪ੍ਰੋਗਰਾਮਾਂ ਵਿਚ ਪਰਿਵਾਰ ਸਮੇਤ ਹਾਜ਼ਰੀਆਂ ਲਗਵਾ ਕੇ ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ, ਗੁਰੂ ਸਾਹਿਬਾਨ ਦੇ ਚਰਨਾਂ 'ਚੋਂ ਅਸ਼ੀਰਵਾਦ ਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸੱਦਾ ਪੱਤਰ-** ਸਮੂਹ ਸੰਗਤਾਂ ਸਮੇਤ ਸ੍ਰੀ ਗੁਰੂ ਰਵਿਦਾਸ ਸਭਾ ਯੂਬਾ ਸਿਟੀ, ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ, ਮਹਾਂਰਿਸ਼ੀ ਵਾਲਮੀਕ ਸਭਾ ਨਿਊਯਾਰਕ ਆਦਿ ਸਭ ਨੂੰ ਪ੍ਰਗਟ ਦਿਵਸ ਵਿਚ ਸ਼ਾਮਲ ਹੋ ਕੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ ਅਤੇ ਪ੍ਰੋਗਰਾਮ ਦੀਆਂ ਰੌਣਕਾਂ ਨੂੰ ਚਾਰ ਚੰਨ ਲਗਾਉਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

**ਦਾਨੀ ਪਰਿਵਾਰਾਂ ਨੂੰ ਸਨਿਮਰ ਬੇਨਤੀ ਹੈ ਕਿ ਮੰਦਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਅਤੇ ਜਲਦੀ ਤੋਂ ਜਲਦੀ ਯੋਗਦਾਨ ਪਾਉਣ ਦੀ ਕ੍ਰਿਪਾਲਤਾ ਕਰੋ ਜੀ। ਵਧੇਰੇ ਜਾਣਕਾਰੀ ਲਈ ਪ੍ਰਬੰਧਕਾਂ ਨਾਲ ਸੰਪਰਕ ਕਰ ਸਕਦੇ ਹੋ ਜੀ।**

## ਪ੍ਰੋਗਰਾਮ

ਸ਼ੁੱਕਰਵਾਰ 26 ਅਕਤੂਬਰ 2018
ਆਰੰਭ ਪਾਠ
ਸ੍ਰੀ ਯੋਗ ਵਸ਼ਿਸ਼ਟ ਸਾਹਿਬ
ਸਵੇਰੇ 10 ਵਜੇ

ਸ਼ਨਿਚਰਵਾਰ 27 ਅਕਤੂਬਰ 2018, ਨਿਸ਼ਾਨ ਸਾਹਿਬ ਦੀ ਰਸਮ, ਸਵੇਰੇ 10 ਵਜੇ

ਐਤਵਾਰ 28 ਅਕਤੂਬਰ 2018
ਭੋਗ ਸ੍ਰੀ ਯੋਗ ਵਸ਼ਿਸ਼ਟ ਸਾਹਿਬ, ਸਵੇਰੇ 10 ਵਜੇ
ਕਥਾ: ਸ੍ਰੀ ਵਾਲਮੀਕ ਰਮਾਇਣ ਸਾਹਿਬ, ਸਵੇਰੇ 11 ਵਜੇ
ਸ਼ਬਦ ਗਾਇਨ ਤੇ ਬੁਲਾਰੇ 11.30 ਵਜੇ ਸਵੇਰ ਤੋਂ ਸ਼ਾਮ 4 ਵਜੇ ਤੱਕ

**ਸਮਾਗਮਾਂ ਦੌਰਾਨ ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।**
**ਸਥਾਨ-ਮਹਾਰਿਸ਼ੀ ਵਾਲਮੀਕ ਟੈਂਪਲ , 84/86 ਪਰਸੀ ਐਵਨਿਉ, ਯੂਬਾ ਸਿਟੀ, ਕੈਲੇਫੋਰਨੀਆ 95991**

**ਪ੍ਰਬੰਧਕ ਕਮੇਟੀ** ਪ੍ਰੇਮ ਸੌਂਧੀ (ਪ੍ਰਧਾਨ) 530-751-3887, ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ) 530-740-3056, ਕੁਲਦੀਪ ਥਾਪਰ (ਵਾਈਸ ਪ੍ਰਧਾਨ) 530-300-0522, ਜਸਪਾਲ ਮਾਲੜੀ (ਜਨਰਲ ਸਕੱਤਰ) 530-441-9124, ਵਿਸ਼ਾਲ ਸ਼ਰਬਤੀ (ਸਕੱਤਰ) 530-933-5915, ਬਲਵੀਰ ਧਾਲੀਵਾਲ (ਵਾਈਸ ਸਕੱਤਰ) 916-243-9017, ਗੁਰਪਾਲ ਸਿੰਘ (ਚੇਅਰਮੈਨ) 916-873-0311, ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ 530-301-0657, ਅਵਿਨਾਸ਼ ਸੌਂਧੀ (ਵਾਈਸ ਚੇਅਰਮੈਨ), ਵਿਨੋਦ ਗਿੱਲ (ਖਜਾਨਚੀ) 530-218-3969, ਬਲਵੀਰ ਥਾਪਰ (ਖਜਾਨਚੀ) 916-607-4650, ਵਰੁਨ ਗਿੱਲ (ਖਜਾਨਚੀ) 530-713-0151, ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ) 530-671-4039

### ਆਰਗੇਨਾਈਜਰਜ਼

ਸੁਰਜੀਤ ਗਿੱਲ, ਕੁੰਦਨ ਸੌਂਧੀ, ਰਕੇਸ਼ ਸਲਹੋਤਰਾ, ਦਵਿੰਦਰ ਸ਼ੁੱਭ, ਅੰਮ੍ਰਿਤਪਾਲ, ਸ਼ਾਮ ਲਾਲ ਸੋਂਧੀ, ਰਵੀਪਾਲ, ਗੁਰਜੀਤ ਸਿੰਘ ਟਰੇਸੀ, ਸਾਧੂ ਰਾਮ ਭੱਟੀ, ਰਾਮ ਲਾਲ ਮੱਟੂ, ਤਰਸੇਮ ਲਾਲ ਥਾਪਰ, ਦੇਸ ਰਾਜ ਸ਼ੁੱਭ, ਅਮਰਜੀਤ ਸਿੰਘ ਲਾਲੀ, ਰਾਜ ਕੁਮਾਰ ਪੰਡੋਰੀ, ਪ੍ਰਸ਼ੋਤਮ ਲਾਲ ਸੌਂਧੀ, ਰੋਹਤਾਸ਼ ਸਿੰਘ ਭਗਾਣੀਆਂ, ਦੀਪਕ ਸਹੋਤਾ, ਜਗਜੀਤ ਸਿੰਘ ਗਿੱਲ (ਰਾਣਾ) (ਮੇਨਟੀਨੈਂਸ ਆਰਗੇਨਾਈਜ਼ਰ), ਪ੍ਰਕਾਸ਼ ਸਿੰਘ ਗਿੱਲ (ਮੇਨਟੀਨੈਂਸ ਆਰਗੇਨਾਈਜ਼ਰ)

### ਕਲਾਕਾਰ

ਭੁਪਿੰਦਰ ਸਿੰਘ ਭਿੰਦਾ, ਅਮਰਜੀਤ ਸਿੰਘ ਲਾਲੀ, ਵਿਸ਼ਾਲ ਸ਼ਰਬਤੀ, ਰਾਜ ਕੁਮਾਰ ਪੰਡੋਰੀ, ਦੇਸ ਰਾਜ ਸ਼ੁੱਭ, ਰੋਹਤਾਸ਼ ਸਿੰਘ ਭਗਾਣੀਆ, ਜੋਗਿੰਦਰ ਸਿੰਘ ਸ਼ੌਂਕੀ, ਬਲਵੀਰ ਧਾਲੀਵਾਲ, ਅੰਮ੍ਰਿਤਪਾਲ ਸਿੰਘ, ਸੋਨੂੰ ਸਿੰਘ, ਰਜਿੰਦਰ ਸਹੋਤਾ, ਲਤਾ ਸੌਂਧੀ, ਸਵਰਨ ਕੌਰ ਪਗਾਨੀ, ਜੀਵਨ ਰੱਤੂ, ਗੁਰਦੀਪ ਸਿੰਘ ਹੀਰਾ, ਗਿਆਨੀ ਪ੍ਰਿਤਪਾਲ ਸਿੰਘ।

# ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ ਕਬੱਡੀ 6ਵਾਂ ਵਰਲਡ ਕਬੱਡੀ ਕੱਪ ਯਾਦਗਾਰੀ ਹੋ ਨਿਬੜਿਆ
















**ਸੈਕਰਾਮੈਂਟੋ ਕੈਲੀਫੋਰਨੀਆ/ ਬਿਊਰੋ–** ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ 6ਵਾਂ ਵਰਲਡ ਕਬੱਡੀ ਕੱਪ ਕਰਵਾਇਆ ਗਿਆ ਜੋ ਕਿ ਆਪਣੀਆਂ ਅਮਿੱਟ ਪੈੜਾ ਛੱਡ ਗਿਆ। ਇਸ ਮਹਾਨ 6ਵੇ ਵਰਲਡ ਕਬੱਡੀ ਕੱਪ ਦੀ ਉਪਨ ਕਬੱਡੀ ਵਿੱਚ ਰੂੜਕਾਕਲਾਂ ਦੇ ਸੰਧੂ ਭਰਾਵਾਂ ਦੇ ਸ਼ੇਰਾ ਦੀ ਟੀਮ ਬੇ–ਏਰੀਆ ਸਪ੍ਰੋਟਸ ਕਲੱਬ ਕੈਲੀਫੋਰਨੀਆ ਨੇ ਫਾਈਨਲ ਵਿਚ ਬਾਬਾ ਸੰਗ ਜੀ ਕਬੱਡੀ ਕਲੱਬ ਮਿਡਵੈਸਟ ਯੂਐਸਏ ਦੀ ਟੀਮ ਨੂੰ ਹਰਾ ਕੇ ਪਹਿਲੇ ਸਥਾਨ ’ਤੇ ਕਬਜ਼ਾ ਕਰ ਲਿਆ ਇਥੇ ਵੀ ਜਿਕਰਯੋਗ ਹੈ ਕਿ ਬਾਬਾ ਸੰਗ ਜੀ ਕਬੱਡੀ ਕਲੱਬ ਮਿਡਵੈਸਟ ਯੂਐਸਏ ਦੇ ਨਾਲ ਪੰਜਾਬ ਸਪ੍ਰੋਟਸ ਕਲੱਬ ਫਰੀਜਨੋ ਨੇ ਮਿਲਕੇ ਟੀਮ ਬਣਾਈ ਸੀ ਅਤੇ ਦੂਸਰੇ ਫਸਵੇ ਮੁਕਾਬਲਿਆ ’ਚ ਅੰਡਰ,25 ਦੀ ਕਬੱਡੀ ’ਚ ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਨੇ ਕੱਪ ਉਪਰ ਕੀਤਾ ਕਬਜ਼ਾ ਅਤੇ ਦੂਸਰੇ ਅਸਥਾਨ ਉਪਰ ਯੂਨਾਈਟਡ ਸਪ੍ਰੋਟਸ ਕਲੱਬ ਯੂਨੀਅਨ ਸਿਟੀ ਰਹੀ ਇਸ 6ਵੇਂ ਵਰਲਕ ਕਬੱਡੀ ਕੱਪ ਵਿੱਚ ਤਕਰੀਬਨ 7,000 ਦੇ ਕਰੀਬ ਕਬੱਡੀ ਪ੍ਰੇਮੀ ਦੇਖਣ ਆਏ ਅਤੇ ਜਿਨ੍ਹਾਂ ਵਾਸਤੇ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਅਤੇ ਗੁਰੂ ਕੇ ਅਤੁੱਟ ਲੰਗਰਾਂ ਦੀ ਸੇਵਾ ਅਮਰਜੀਤ ਸਿੰਘ ਬਾਸੀ ਅਤੇ ਉਨ੍ਹਾਂ ਦੇ ਨਾਲ ਸ: ਇਕਬਾਲ ਧਨੋਆ, ਵਲੋਂ ਸ਼ਰਧਾ, ਪਿਆਰ ਅਤੇ ਸੇਵਾ ਭਾਵਾਨਾ ਨਾਲ ਕੀਤੀ ਗਈ ਇਥੇ ਇਹ ਵੀ ਜਿਕਰਯੋਗ ਹੈ ਅਣਗਿਣਤ ਪ੍ਰਕਾਰ ਦੇ ਖਾਣੇ ਮਠਿਆਈਆਂ, ਚਾਹ–ਪਕੌੜੇ, ਜਲੇਬੀਆਂ ਦੀ ਰਤਾ ਮਾਤਰ ਵੀ ਘਾਟ ਨਜ਼ਰ ਨਹੀਂ ਆਈ ਸਗੋਂ ਸੇਵਾਦਾਰ ਸੰਗਤਾਂ ਨੂੰ ਮਠਿਆਈਆਂ ਅਤੇ ਲੰਗਰ ਨਾਲ ਲੈ ਕੇ ਜਾਣ ਨੂੰ ਬੇਨਤੀਆ ਕਰਦੇ ਰਹੇ।

ਇਨ੍ਹਾਂ ਗੁਰੂ ਕੇ ਨਿਸ਼ਕਾਮ ਸੇਵਾਦਾਰਾਂ ਦਾ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸ. ਅਵਤਾਰ ਸਿੰਘ ਅਟਵਾਲ, ਸ. ਜਸਵਿੰਦਰ ਸਿੰਘ ਸੰਘਾ, ਸ. ਪਰਮਜੀਤ ਸਿੰਘ ਪੰਮੀ, ਸ. ਗੁਰਚਰਨ ਸਿੰਘ ਬਡਵਾਲ ਅਤੇ ਗੁਰੂਘਰ ਦੀਆਂ ਸਮੂਹ ਸੰਗਤਾਂ ਸ਼ਾਮਲ ਸਨ।

ਟੂਰਨਾਮੈਂਟ ਦੇ ਪ੍ਰਬੰਧਕ ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਦੇ ਸਮੂਹ ਮੈਂਬਰ ਸਾਹਿਬਾਨ ਸ਼ੀਤਲ ਸਿੰਘ ਨਿੱਝਰ, ਗੁਰਮੁਖ ਸੰਧੂ, ਸੁੱਖੀ ਸੇਖੋਂ, ਕਿੰਦੂ ਰਮੀਦੀ, ਸੋਢੀ ਢੀਂਡਸਾ, ਜੱਸੀ ਢਿੱਲੋਂ, ਗੁਰਨੇਕ ਢਿੱਲੋ, ਗੁਰਚਰਨ ਚੰਨੀ, ਰਵਿੰਦਰ ਜੌਹਲ, ਜਸਵਿੰਦਰ ਰਾਏ, ਬਲਜੀਤ ਸਿੰਘ ਬਾਸੀ, ਸੰਤੋਖ ਦੁਸਾਂਝ, ਸੁਖਵਿੰਦਰ ਤੂਰ, ਮੇਜਰ ਰੰਧਾਵਾ, ਪੱਪੂ ਪੰਛੀ, ਸਾਈ ਸੋਹਲ, ਇੰਦਰਜੀਤ ਖੰਗੂੜ, ਹਰਨੇਕ ਸੰਧੂ, ਬੂਟਾ ਢਿੱਲੋਂ, ਰਣਬੀਰ ਸਿੰਘ, ਬੂਟਾ ਲੋਧੀ, ਜਸਵਿੰਦਰ ਬੋਪਾਰਾਏ, ਵਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮਹਾਨ ਟੂਰਨਮੈਂਟ ਦੇ ਪ੍ਰਬੰਧਕ ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ ਜਿਥੇ ਵਿਸ਼ਵ ਕਬੱਡੀ ਕੱਪ ਉਪਰ ਪਹੁੰਚੀਆਂ ਕਲੱਬਾਂ, ਜਥੇਬੰਦੀਆਂ, ਸੰਸਥਾਵਾਂ, ਖੇਡ ਕਲੱਬਾਂ, ਖਿਡਾਰੀਆਂ ਅਤੇ ਸਮੂਹ ਕਮਿਊਨਿਟੀ ਤਹਿ ਦਿੱਲ ਤੋਂ ਧੰਨਵਾਦ ਕੀਤਾ ਗਿਆ ਉਥੇ ਉਨ੍ਹਾਂ ਨੇ ਵਿਸੇਸ਼ ਤੌਰ ’ਤੇ ਬੇ–ਏਰੀਆ ਸਪ੍ਰੋਟਸ ਕਲੱਬ ਕੈਲੀਫੋਰਨੀਆ, ਯੂਨਾਈਟਡ ਸਪ੍ਰੋਟਸ ਕਲੱਬ ਯੂਨੀਅਨ ਸਿਟੀ ਕੈਲੀਫੋਰਨੀਆ, ਪੰਜਾਬ ਸਪੋਰਟਸ ਕਲੱਬ ਫਰੀਜਨੋ ਅਤੇ ਬਾਬਾ ਸੰਗ ਜੀ ਮਿਡਵੈਸਟ ਯੂ ਐਸ ਏ, ਉਨ੍ਹਾਂ ਦੇ ਪ੍ਰਬੰਧਕ ਸ. ਬਲਬੀਰ ਸਿੰਘ ਢਿਲੋ, ਸ. ਮੰਗਲ ਸਿੰਘ ਜੌਹਲ, ਸ. ਕੁਲਵੰਤ ਸਿੰਘ ਧਾਮੀ, ਸ. ਮਿੱਕੀ ਸਮੀਪੁਰੀਆ ਅਤੇ ਸ. ਤਾਰੀ ਡੱਬ ਅਤੇ ਸ਼ਹੀਦ ਭਗਤ ਸਿੰਘ ਸ਼ਹੀਦ ਊਧਮ ਸਿੰਘ ਸਪ੍ਰੋਟਸ ਕਲੱਬ ਫਰੀਜ਼ਨੋ, ਰੋਇਲ ਕਿੰਗ ਯੂ ਐਸ ਏ ਯੂਬਾ ਸਿਟੀ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਕਿੰਗਜ਼ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ ਪਹੁੰਚੇ ਸਮੂਹ ਮੀਡੀਆ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਵਿੱਚ ਲਾਈਵ ਕਬੱਡੀ : ਮੈਨੀ ਅਤੇ ਗੁਰਜੋਤ, ਪੰਜ ਆਬ ਟੀਵੀ ਅਤੇ ਸਰਦਾਰੀ ਟੀਵੀ ਰਾਣਾ ਸਿੱਧੂ ਅਤੇ ਪ੍ਰਿੰਸ, ਪੰਜਾਬ ਵਨ ਟੀਵੀ ਸ. ਹਰਜਿੰਦਰ ਸਿੰਘ, ਗਰਬ ਪੰਜਾਬ ਟੀਵੀ ਤੋਂ ਸ. ਜਗਦੇਵ ਸਿੰਘ ਭੰਡਾਲ, ਖੁਸ਼ਬੂ ਪੰਜਾਬ ਦੀ ਇੰਦਰਜੀਤ ਸਿੰਘ ਰੰਧਾਵਾ,ਅਤੇ ਸਮੂਹ ਸਾਧ ਸੰਗਤ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।

ਟੂਰਨਾਮੈਂਟ ਦੌਰਾਨ ਜਿਹਨਾਂ ਕਬੱਡੀ ਖਿਡਾਰੀਆਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ, ਉਹਨਾਂ ਵਿਚ ਲੱਖਾ ਚੀਮਿਆਂ ਵਾਲਾ, ਸਾਬਕਾ ਖਿਡਾਰੀ ਨੇਕੀ ਸਿਧਵਾਂ (ਦੋਨਾ), ਦੂਲਾ ਬੱਗੇ ਪਿੰਡ ਵਾਲਾ। ਇਹਨਾਂ ਤੋਂ ਇਲਾਵਾ ਕੁਲਵੰਤ ਸਿੰਘ ਲੱਛਰ, ਸਰਦੂਲ ਸਿੰਘ ਰੰਧਾਵਾ ਨੂੰ ਪੱਪੂ ਪੰਛੀ ਵੱਲੋਂ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

ਇਸੇ ਤਰ੍ਹਾਂ ਟੂਰਨਾਮੈਂਟ ਦਾ ਬੈਸਟ ਰੇਡਰ ਪਾਲੀ ਛੰਨਾਵਾਲੀਆ ਅਤੇ ਬੈਸਟ ਜਾਫੀ ਆਜ਼ਾਦ ਕੋਟਲੀ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਦੇ ਨਾਲ ਹੀ ਭਾਰਤ ਤੋ ਆਏ ਰੈਫਰੀ ਮਦਨ ਮੱਦੂ, ਦਵਿੰਦਰ ਕੋਚ, ਸਵਰਨਾ ਵੈਲੀ ਕਨੇਡਾ ਅਤੇ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਅਤੇ ਰੈਫਰੀ ਸ. ਵੀਰੂ ਅਤੇ ਸ. ਮੰਦਰ ਜਿਕਰਯੋਗ ਹਨ। ਇਹ ਕਬੱਡੀ ਕੱਪ ਜਨਤਾ ਨੂੰ ਚਿਰਾ ਤੱਕ ਯਾਦ ਰਹੇਗਾ।

– ਇਸ ਕਬੱਡੀ ਕੱਪ ਵਿੱਚ ਕਬੱਡੀ ਜਗਤ ਦੇ ਦੁਨੀਆ ਦੇ ਨਾਮਵਾਰ ਖਿਡਾਰੀ ਪਹੁੰਚੇ ਹੋਏ ਸਨ।

– ਸਮੂਹ ਅਮਰੀਕਾ ਦੇ ਖਿਡਾਰੀਆਂ ਨੇ ਆਪਣੇ ਆਪਣੇ ਜੌਹਰ ਦਿਖਾਏ ਜਦ ਖਿਡਾਰੀ ਦਮ ਭਰਦੇ ਲੋਕ ਆਪ ਮੁਹਾਰੇ ਲਲਕਾਰੇ ਮਾਰਨ ਲੱਗ ਪੈਂਦੇ।

– ਕਬੱਡੀ ਦੀ ਕੂਮੈਂਟਰੀ ਅਤੇ ਰੰਗਾ ਰੰਗ ਪ੍ਰੋਗਰਾਮ ਦੇ ਸਿਤਾਰੇ ਪੰਜਾਬੀ ਦੀ ਸੰਸਾਰ ਪ੍ਰਸਿੱਧ ਪੰਜਾਬੀ ਦੀ ਹੋਸਟ ਬੀਬੀ ਆਸ਼ਾ ਸ਼ਰਮਾ, ਮੱਖਣ ਅਲੀ,ਇੰਡੀਆ ਤੋ ਪਹੰਚੇ ਸੁਰਜੀਤ ਸਿੰਘ ਕਕਰਾਲੀ ਕਰ ਰਹੇ ਸਨ।

– ਅਸਮਾਨ ਵਿੱਚ ਚਿੱਟੀ ਧੁੱਪ ਅਤੇ ਮਿੱਟੀ ਦੀ ਗਰਾਊਂਡ ਪੰਜਾਬ ਦੀ ਪਵਿੱਤਰ ਧਰਤੀ ਦਾ ਭੁਲੇਖਾ ਪਉਦੀ ਦਿੱਲ ਖਿੱਚਵੀਂ ਕੋਈ ਗਜਬ ਜਿਹਾ ਢਾਅ ਰਹੀ ਸੀ।

– ਮਿੱਟੀ ਦੀ ਗਰਾਊਂਡ ਵਿੱਚ ਨੰਗੇ ਪਿੰਡੇ ਖੇਡਦੇ ਖਿਡਾਰੀ ਪੰਜਾਬ ਦੀ ਵਿਲੱਖਣਤਾ ਅਤੇ ਗੌਰਵਮਈ ਵਿਰਸੇ ਦੇ ਇਤਿਹਾਸ ਦੀ ਗਵਾਹੀ ਭਰ ਰਹੇ ਸਨ।

– ਕਬੱਡੀ ਦੀ ਦੁਨੀਆ ਦੀਆਂ ਪ੍ਰਸਿੱਧ ਹਸਤੀਆਂ ਇਸ ਇਤਿਹਾਸਕ ਟੂਰਨਮੈਂਟ ’ਚ ਹਾਜਰ ਸਨ ਜਿਨ੍ਹਾਂ ’ਚ ਸਾਬਕਾ ਖਿਡਾਰੀ, ਦੁਨੀਆ ਦੇ ਪ੍ਰਸਿੱਧ ਫਾਰਮਰ, ਉਘੇ ਬਿਜਨਸਮੈਨ, ਵੱਖ–ਵੱਖ ਦੇਸ਼ਾਂ ਅਤੇ ਕੰਮਾਂ ’ਚ ਆਪਣਾ ਨਾਮ ਬਣਾਉਣ ਵਾਲੇ ਆਗੂ ਹਾਜਰ ਸਨ।

– ਪ੍ਰਬੰਧਕ ਜਿਥੇ ਖੁਸ਼ ਸਨ ਉਥੇ ਆਈਆਂ ਹੋਈਆਂ ਹਸਤੀਆਂ ਨੂੰ ਨਾਲੋ ਨਾਲ ਸਨਮਾਨ ਕਰ ਰਹੇ ਸਨ।

– ਟੂਰਨਮੈਂਟ ਜਿਥੇ ਦਰਸ਼ਕਾਂ ਦੀ ਵੱਡੀ ਹਾਜ਼ਰੀ ਸੀ ਉਥੇ ਚਿਰਾਂ ਤੱਕ ਯਾਦ ਰਹਿਣ ਵਾਲਾ ਟੂਰਨਮੈਂਟ ਅਤੇ ਸਭਿਆਚਾਰਕ ਤੇ ਪਰਿਵਾਰਕ ਮੇਲਾ ਸੀ ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਨੇ ਸਾਡੇ ਲੋਕ ਅਖਬਾਰ ਨਾਲ ਗਲਬਾਤ ਕਰਦਿਆਂ ਕਿਹਾ ਕਿ ਜਿਥੇ ਇਹ ਮੇਲਾ ਪਰਿਵਾਰਕ ਤੇ ਸਭਿਆਚਾਰਕ ਸੀ ਉਥੇ ਇੱਕ ਯਾਦਗਾਰੀ ਸੀ

**(ਦੇਖੋ ਪਰਿਵਾਰਕ ਤੇ ਸੱਭਿਆਚਾਰਕ ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋ ਕਬੱਡੀ ਟੂਰਨਾਮੈਂਟ ਦੀਆ ਝਲਕੀਆਂ ਤਸਵੀਰਾਂ ਦੀ ਜੁਬਾਨੀ ਅਗਲੇ ਸਫਿਆਂ ਤੇ)**

# ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ ਕਬੱਡੀ 6ਵਾਂ ਵਰਲਡ ਕਬੱਡੀ ਕੱਪ ਯਾਦਗਾਰੀ ਹੋ ਨਿਬੜਿਆ






































# ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ ਕਬੱਡੀ 6ਵਾਂ ਵਰਲਡ ਕਬੱਡੀ ਕੱਪ ਯਾਦਗਾਰੀ ਹੋ ਨਿਬੜਿਆ























# ਇੰਡੀਆ ਬਾਜ਼ਾਰ (ਸਟਾਕਟਨ) ਦੇ ਮਾਲਕ ਸ੍ਰੀ ਜੈਰਾਮ ਗਾਟ ਅਤੇ ਸ੍ਰੀਮਤੀ ਸਵਰਨ ਕੌਰ ਗਾਟ ਦੀ ਪੋਤਰੀ ਦਾ ਜਨਮ ਦਿਨ ਮਨਾਇਆ

ਨਾਮਵਰ ਸ਼ਖਸੀਅਤ ਸ੍ਰੀ ਜੈਰਾਮ ਗਾਟ ਅਤੇ ਸ੍ਰੀਮਤੀ ਸਵਰਨ ਕੋਰ ਗਾਟ (ਇੰਡੀਆ ਬਜ਼ਾਰ ਸਟਾਕਟਨ (ਕੈਲੇਫੋਰਨੀਆ) ਦੀ ਪੋਤਰੀ ਬ੍ਰਿਟਨੀ ਗਾਟ ਪੁੱਤਰੀ ਸ੍ਰੀ ਅਜੇ ਕੁਮਾਰ ਗਾਟ (ਪਿਤਾ) ਅਤੇ ਸ੍ਰੀਮਤੀ ਸਰਬਜੀਤ ਕੌਰ ਗਾਟ (ਮਾਤਾ) ਵੈਨਕੂਵਰ ਕੈਨੇਡਾ ਵਾਲਿਆਂ ਦੀ ਬਹੁਤ ਹੀ ਹਰਮਨ ਪਿਆਰੀ ਬੇਟੀ ਬ੍ਰਿਟਨੀ ਗਾਟ ਦਾ ਪਹਿਲਾ ਜਨਮ ਦਿਨ (ਹੈਪੀ ਬਰਥ ਡੇਅ) ਵੈਨਕੂਵਰ ਵਿਚ ਬਹੁਤ ਹੀ ਚਾਅ-ਉਤਸ਼ਾਹ ਨਾਲ ਸਮੂਹ ਗਾਟ ਪਰਿਵਾਰ, ਸਮੂਹ ਗੰਗੜ, ਕੈਂਥ, ਚੋਪੜਾ ਅਤੇ ਬੈਂਸ ਆਦਿ ਪਰਿਵਾਰਾਂ ਨਾਲ ਮਨਾਇਆ।

ਉਪਰੋਕਤ ਖੁਸ਼ੀ 'ਚ ਸਤਿਗੁਰੂ ਸਾਹਿਬਾਨ ਦੀ ਆਪਾਰ ਕਿਰਪਾ ਤੇ ਬਖਸ਼ੀ ਦਾਤ ਦੀ ਜਿੰਦਗੀ ਦੀ ਸ਼ੁਰੂਆਤ, ਤੰਦਰੁਸਤੀ, ਅੱਛੀ ਜ਼ਿੰਦਗੀ, ਉਸ ਅਕਾਲ ਪੁਰਖ ਦੇ ਹੁਕਮ 'ਚ ਰਹਿ ਕੇ ਆਪਣਾ ਜੀਵਨ ਸਫਲਾ ਬਣਾਉਣ ਲਈ ਧੰਨ ਧੰਨ ਸਤਿਗੁਰੂ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਵੈਨਕੂਵਰ (ਕੈਨੇਡਾ) ਵਿਖੇ ਸਮੂਹ ਪਰਿਵਾਰ ਆਪਣੀ ਨੰਨੀ-ਮੁੰਨੀ ਪਿਆਰੀ ਬੇਟੀ ਬ੍ਰਿਟਨੀ ਗਾਟ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ 'ਚ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਲਈ ਨਤਮਸਤਕ ਹੋਏ, ਜਿੱਥੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗਾਟ ਤੇ ਸਬੰਧਤ ਪਰਿਵਾਰਕ ਮੈਂਬਰਾਂ ਨੂੰ ਬੱਚੀ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ ਬਹੁਤ ਵਧਾਈਆਂ ਦਿੱਤੀਆਂ ਤੇ ਉਸ ਦੀ ਚੰਗੀ ਸਿਹਤ ਤੇ ਚੰਗੇ ਭਵਿੱਖ ਲਈ ਅਕਾਲ ਪੁਰਖ ਅੱਗੇ ਭਾਈ ਸਾਹਿਬ ਨੇ ਅਰਦਾਸ ਕੀਤੀ ਤੇ ਉਪਰੰਤ ਗਾਟ ਪਰਿਵਾਰ ਦੇ ਮੁਖੀਆਂ ਸ੍ਰੀਮਾਨ ਜੈਰਾਮ ਗਾਟ (ਦਾਦਾ ਜੀ) ਅਤੇ ਸ੍ਰੀਮਤੀ ਸਵਰਨ ਕੋਰ ਗਾਟ (ਦਾਦੀ ਜੀ) ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਮੌਕੇ ਬੇਟੀ ਬ੍ਰਿਟਨੀ ਗਾਟ ਦੇ ਚਾਚਾ ਜੀ ਸ੍ਰੀ ਹਰਜੀਤ ਗਾਟ ਤੇ ਉਹਨਾਂ ਦੀ ਸੁਪਤਨੀ ਤੇ ਬੇਟਾ ਸੋਹੰਗ ਗਾਟ ਇੰਡੀਆ ਹੋਣ ਕਰਕੇ ਕੁਝ ਜ਼ਰੂਰੀ ਰੁਝੇਵਿਆਂ ਕਾਰਨ ਨਹੀਂ ਪਹੁੰਚ ਸਕੇ ਪਰ ਉਹਨਾਂ ਇਸ ਖੁਸ਼ੀ ਦੇ ਮੌਕੇ ਆਪਣੇ ਵੱਲੋਂ ਬੱਚੀ ਨੂੰ ਢੇਰ ਸਾਰਾ ਪਿਆਰ ਤੇ ਭਰਾ-ਭਰਜਾਈ ਤੇ ਸਾਰੇ ਹਾਜਰ ਸਮੂਹ ਪਰਿਵਾਰਾਂ ਨੂੰ ਫੋਨ ਤੇ ਦਿਲੀ ਹਾਰਦਿਕ ਵਧਾਈਆਂ ਦੇ ਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ।

ਅਦਾਰਾ 'ਦੇਸ਼ ਦੁਆਬਾ' ਆਪਣੇ ਵੱਲੋਂ ਇਸ ਸ਼ੁਭ ਅਵਸਰ ਤੇ ਬੇਟ ਬ੍ਰਿਟਨੀ ਗਾਟ ਤੇ ਸਮੂਹ ਗਾਟ ਪਰਿਵਾਰ ਨੂੰ ਦਿਲੀ ਹਾਰਦਿਕ ਵਧਾਈ ਦਿੰਦਾ ਹੈ ਤੇ ਇੰਡੀਆ ਬਜ਼ਾਰ ਦਾ ਧੰਨਵਾਦੀ ਹੈ ਜੋ ਅਦਾਰਾ 'ਦੇਸ਼ ਦੁਆਬਾ' ਨੂੰ ਲਗਾਤਾਰ ਸਹਿਯੋਗ ਕਰਦਾ ਆ ਰਿਹਾ ਹੈ।





























L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
New folding bed verities
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax
ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
Red Label Tea 900 Gm $ 3.99
Bio Bidet Elite 2 $ 39.99+ Tax
ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।
ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ
ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ
Baksho Kaur Bisla Hardev Singh Bisla
530-671-0439, Fax 530-822-0439 Cell- 530-844-3250
Buy 5 get 1 free


TANDOOR
Indian Restaurant
27167 Mission Blvd. Hayward, CA 95544
Lunch & Buffet
OPEN 7 DAYS A WEEK (510) 885-1212
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532


ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ
ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ
We will make your trucking business paperless and Free of DOT hassels.
Steer your business, from hiring to management all from a computer
ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ
ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ
ASK FOR LOAD MANAGEMENT: Easy dispatch by Phone App, Quick POD, Auto Billing, Payroll etc.
DRIVER HIRING
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ
INSPECTION RECORD
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ
DRIVING REVIEW
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ
ACCIDENT REPORTS
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ
TRUCK MAINTENANCE
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ
eLog Book Integration COMING SOON
ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ
Tel: 800.936.4011 • 209.636.0880
WE HANDLE DOT AUDITS
GLOBAL SOLUTION FOR TRANSPORTATION
(A PAPERLESS SOLUTION FOR TRUCKING)
RAJINDER SINGH
LAKHVIR SINGH
email: info@etruckingsolution.com • www.etruckingsolution.com


AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hay-ward, CA 94544
Prop: Jasbir Singh Takhar
510-755-2132
Harmandeep Singh

# ਹਰਜੀਤ ਕੌਰ ਵਿਰਕ ਦਾ ਨਾਵਲ 'ਉਨੀਂਦੀ ਅੱਖ ਦਾ ਸੁਪਨਾ' ਲੋਕ ਅਰਪਣ







**ਜਲੰਧਰ–** ਸਾਹਿਤ ਸਿਰਜਣਾ ਮੰਚ ਅਮਰਗੜ੍ਹ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਸਮਾਣਾ ਵੱਲੋਂ ਸਥਾਨਕ ਰੋਟਰੀ ਭਵਨ ਵਿਚ ਨਾਵਲਕਾਰ ਹਰਜੀਤ ਕੌਰ ਵਿਰਕ ਦਾ ਦੂਜਾ ਨਾਵਲ 'ਉਨੀਂਦੀ ਅੱਖ ਦਾ ਸੁਪਨਾ' ਲੋਕ ਅਰਪਣ ਕੀਤਾ ਗਿਆ। ਇਸ ਸਾਹਿਤ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ, ਕਹਾਣੀਕਾਰ ਜਸਵੀਰ ਰਾਣਾ, ਡਾ. ਭੀਮਇੰਦਰ ਸਿੰਘ, ਡਾ. ਸੁਰਜੀਤ ਬਰਾੜ ਤੇ ਪ੍ਰਿੰਸੀਪਲ ਗੁਰਮੇਲ ਸਿੰਘ ਸ਼ਾਮਲ ਹੋਏ। ਸਭ ਤੋਂ ਪਹਿਲਾਂ ਪੰਜਾਬੀ ਸ਼ਾਇਰਾ ਸੁਦੀਪ ਕੌਰ ਨੇ 'ਤੇਰੇ ਸੁਪਨੇ ਗਵਾਹ ਬਣਨੇ' ਤਰੰਨਮ ਵਿਚ ਇਕ ਗੀਤ ਨਾਲ ਸਮਾਗਮ ਦਾ ਆਗਾਜ਼ ਕੀਤਾ। ਇਸ ਤੋਂ ਬਾਅਦ ਸ੍ਰੀ ਹਿੱਤ ਅਭਿਲਾਸ਼ੀ ਜੀ ਨੇ ਮੰਚ ਤੇ ਸਕੂਲ ਵੱਲੋਂ ਭਾਵਪੂਰਤ ਸ਼ਬਦਾਂ ਨਾਲ ਸਭ ਦਾ ਸਵਾਗਤ ਕੀਤਾ। ਸਵਾਗਤੀ ਸ਼ਬਦਾਂ ਤੋਂ ਬਾਅਦ ਨਾਵਲ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ ਗਈ। ਇਸ ਉਪਰੰਤ ਡਾ. ਅਰਵਿੰਦਰ ਕੌਰ ਕਾਕੜਾ ਨੇ ਨਾਵਲ ਦੇ ਵਿਸ਼ਾ-ਵਸਤੂ, ਵਿਚਾਰਧਾਰਕ ਦ੍ਰਿਸ਼ਟੀ ਅਤੇ ਪਾਤਰਾਂ ਦੀਆਂ ਵੱਖ-ਵੱਖ ਪਰਤਾਂ ਨਾਲ ਸੰਵਾਦ ਰਚਾਉ ਇਕ ਅਰਥਪੂਰਨ ਪਰਚਾ ਪੜ੍ਹਿਆ। ਇਹ ਨਾਵਲ ਸੁੱਤੀ ਸਰਮਾਏਦਾਰੀ ਤੇ ਸਵੈ ਤੋਂ ਸਮਾਜ ਤੱਕ ਫੈਲੇ ਬਹੁਪਰਤੀ ਸੰਕਟਾਂ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਵਿਚ ਨਾਵਲਕਾਰ ਔਰਤ ਤੇ ਮਰਦ ਨੂੰ ਇਕ-ਦੂਜੇ ਦੀਆਂ ਦੁਸ਼ਮਣ ਧਿਰਾਂ ਵਜੋਂ ਨਹੀਂ ਉਲਾਰਦੀ ਬਲਕਿ ਇਕ-ਦੂਜੇ ਦੀਆਂ ਪੂਰਕ ਧਿਰਾਂ ਵਜੋਂ ਉਲਾਰਦੀ ਹੈ। ਨਾਵਲ ਵਿਚ ਵਿਸ਼ਵੀਕਰਨ ਦੇ ਦੌਰ ਅੰਦਰ ਅਸਤ ਹੋ ਰਹੀਆਂ ਪ੍ਰੰਪਰਾਵਾ, ਸੰਘਰਸ਼ਾਂ ਤੇ ਸ਼ਬਦ ਮਾਰੂ ਸ਼ਕਤੀਆਂ ਦੇ ਨਕਸ਼ ਪਛਾਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਨਾਵਲ ਵਿਚ ਇਕ ਵੱਡੀ ਗਲਪ ਰਚਨਾਕਾਰੀ ਦੀ ਸੰਭਾਵਨਾ ਹੈ। ਅੱਜ ਦੇ ਦੌਰ ਵਿਚ ਇਕ ਔਰਤ ਵੱਲੋਂ ਨਾਵਲ ਦੀ ਸਿਰਜਣਾ ਕਰਨੀ ਬੜੀ ਦਲੇਰੀ ਤੇ ਸੂਰਮਗਤੀ ਵਾਲੀ ਗੱਲ ਹੈ। ਇਹ ਨਾਵਲ ਸੁਪਨਿਆਂ, ਸੰਕਟਾਂ, ਜਿੱਤਾਂ, ਹਾਰਾਂ, ਸੰਨ ਸੰਤਾਲੀ, ਦੰਗੇ, ਵਿਦੇਸ਼ ਜਾਣ ਦਾ ਸੰਕਟ, ਨਵੀਂ ਪੀੜ੍ਹੀ ਦੀ ਬਦਲੀ ਜੀਵਨ ਸ਼ੈਲੀ ਤੇ ਖਤਮ ਹੋ ਰਹੀ ਸੰਵੇਦਨਾ ਅਤੇ ਰਿਸ਼ਤਿਆਂ ਆਦਿ ਅਨੇਕਾਂ ਪਹਿਲੂਆਂ ਨਾਲ ਖੂਬਸੂਰਤ ਭਾਸ਼ਾ ਤੇ ਗਲਪੀ ਸ਼ੈਲੀ ਵਿਚ ਸੰਵਾਦ ਰਚਾਉਂਦਾ ਹੈ। ਇਹ ਵਿਚਾਰ ਪੇਸ਼ ਕਰਨ ਵਾਲੇ ਵਿਦਵਾਨਾਂ ਵਿਚ ਸੰਦੀਪ ਸਿੰਘ ਬੰਦੇਸ਼ਾ, ਡਾ. ਦੀਦਾਰ ਸਿੰਘ, ਬਲਦੇਵ ਸਿੰਘ ਸੜਕਨਾਮਾ, ਜਸਵੀਰ ਰਾਣਾ, ਡਾ. ਭੀਮਇੰਦਰ ਸਿੰਘ, ਡਾ. ਸੁਰਜੀਤ ਬਰਾੜ, ਪ੍ਰਿੰਸੀਪਲ ਗੁਰਮੇਲ ਸਿੰਘ, ਵਿਨੇ ਡਾਵਰ, ਕੁਲਵੰਤ ਰਿਪੀ, ਕਿਰਨ ਪੰਜਾਬੀ, ਕੋਮਲਪ੍ਰੀਤ ਕੌਰ, ਸੁਰਿੰਦਰ ਪੁਰੀ, ਹੀਰਾ ਸਿੰਘ ਕੋਮਲ, ਤਰਲੋਚਨ ਮੀਤ, ਬਲਵੰਤ ਪ੍ਰੀਤ, ਅਵਤਾਰ ਮਾਨ, ਕੰਵਲ ਨੈਨ, ਮੁਨੀਸ਼ ਕੁਮਾਰ, ਸੋਨੂੰ ਬਾਂਸਲ, ਵਿਜੇ ਕੁਮਾਰ, ਨਾਹਰ ਸਿੰਘ, ਸਤਵਿੰਦਰ ਸਿੰਘ, ਗੁਰਪਾਲ ਸਿੰਘ, ਸੁਸ਼ੀਲ ਕੁਮਾਰ, ਕ੍ਰਿਸ਼ਨ ਵੋਹਰਾ, ਪਰਮਿੰਦਰ ਗਿੱਲ, ਮੋਨਿਕਾ ਗੋਇਲ, ਸੰਜੂ ਸਮਾਣਾ, ਪੂਜਾ ਗੋਗੀਆ, ਮਧੂ ਗੁਪਤਾ, ਨਿਸ਼ੂ ਬਾਲਾ, ਪਰਵਿੰਦਰ ਕੌਰ, ਕੁਲਵੰਤ ਸਿੰਘ, ਜਸਪਾਲ ਸਿੰਘ, ਕ੍ਰਿਸ਼ਨ ਕੁਮਾਰ ਤੇ ਸਕੂਲ ਦੇ ਵਿਦਿਆਰਥੀ ਸ਼ਾਮਲ ਸਨ। ਅਖੀਰ ਵਿਚ ਨਾਵਲਕਾਰ ਹਰਜੀਤ ਕੌਰ ਵਿਰਕ ਨੇ ਆਪਣੀ ਗੱਲ ਸਾਂਝੀ ਕਰਦੇ ਹੋਏ ਆਏ ਲੇਖਕਾਂ-ਸਰੋਤਿਆਂ ਦਾ ਧੰਨਵਾਦ ਕੀਤਾ। ਸਾਹਿਤ ਸਿਰਜਣਾ ਮੰਚ ਅਮਰਗੜ੍ਹ ਵੱਲੋਂ ਵਿਰਕ ਨੂੰ ਯਾਦਗਾਰੀ ਸਨਮਾਨ ਪੱਤਰ ਭੇਂਟ ਕੀਤਾ ਗਿਆ। ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਡਾ. ਪੁਸ਼ਵਿੰਦਰ ਕੌਰ ਨੇ ਦਿਲਕਸ਼ ਅੰਦਾਜ਼ ਵਿਚ ਕੀਤਾ।

**ਰਿਪੋਰਟ- ਸੰਦੀਪ ਸਿੰਘ ਬਦੇਸ਼ਾ**

# ਅਕਾਲੀ ਦਲ ਅੰਮ੍ਰਿਤਸਰ ਵੱਲੋਂ ਰਾਵਣ ਦਾ ਪੁਤਲਾ ਨਾ ਸਾੜੇ ਜਾਣ ਦੀ ਮੰਗ

## ਆਦਿ ਵਾਸੀਆਂ ਦੀ ਹਮਾਇਤ ਕਰਦਿਆਂ ਪਾਰਟੀ ਆਗੂਆਂ ਨੇ ਪ੍ਰਧਾਨ ਮੰਤਰੀ ਨੂੰ ਭੇਜਿਆ ਮੰਗ ਪੱਤਰ



**ਤਰਨਤਾਰਨ–** ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਡਾ. ਗੁਰਜਿੰਦਰ ਸਿੰਘ ਦੀ ਅਗਵਾਈ ਹੇਠ ਪਾਰਟੀ ਦੇ ਆਗੂਆਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭੇਜਿਆ ਜਾਣ ਵਾਲਾ ਮੰਗ ਪੱਤਰ ਡਿਪਟੀ ਕਮਿਸ਼ਨਰ ਪ੍ਰਦੀਪ ਕੁਮਾਰ ਸੱਭਰਵਾਲ ਨੂੰ ਦਿੰਦਿਆਂ ਹੋਇਆਂ ਮੰਗ ਕੀਤੀ ਕਿ ਆਦਿ ਵਾਸੀਆਂ ਦੇ ਧਰਮ ਗੁਰੂ ਰਾਵਣ ਦਾ ਪੁਤਲਾ ਦੁਸ਼ਹਿਰੇ ਵਾਲੇ ਦਿਨ ਨਾ ਸਾੜਿਆ ਜਾਵੇ। ਡਿਪਟੀ ਕਮਿਸ਼ਨਰ ਦਫਤਰ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਗੁਰਜਿੰਦਰ ਸਿੰਘ ਨੇ ਕਿਹਾ ਕਿ ਆਜ਼ਾਦ ਭਾਰਤ ਵਿਚ ਘੱਟ ਗਿਣਤੀ ਕੌਮਾਂ ਨੂੰ ਗੁਲਾਮੀ ਦਾ ਅਹਿਸਾਸ ਦਿਵਾਇਆ ਜਾ ਰਿਹਾ ਹੈ, ਹਰ ਧਰਮ ਆਪਣੀ ਧਾਰਮਿਕ ਆਜ਼ਾਦੀ ਖੋਹ ਚੁੱਕਾ ਹੈ, ਉਥੇ ਆਪਣੀ ਧਾਰਮਿਕ ਪ੍ਰੰਪਰਾ, ਸੰਸਕ੍ਰਿਤੀ ਅਤੇ ਆਪਣੇ ਧਰਮ ਗੁਰੂ ਦੀ ਮਾਣ ਮਰਿਆਦਾ ਨੂੰ ਬਚਾਉਣ ਲਈ ਸੰਘਰਸ਼ ਦਾ ਰਸਤਾ ਅਖਤਿਆਰ ਕਰਨਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਦਲਿਤ ਸੁਰੱਖਿਆ ਸੈਨਾ ਤੇ ਵਾਲਮੀਕ ਸਮਾਜ ਦਲ ਵੱਲੋਂ ਬੀਤੀ 11 ਸਤੰਬਰ ਨੂੰ ਪੰਜਾਬ ਦੇ ਮੁੱਖ ਮੰਤਰੀ ਤੇ ਡੀ. ਜੀ. ਪੀ. ਨੂੰ ਇਕ ਮੰਗ ਪੱਤਰ ਭੇਜ ਕੇ ਮੰਗ ਕੀਤੀ ਸੀ ਕਿ ਆਦਿ ਵਾਸੀਆਂ ਦੇ ਧਰਮ ਗੁਰੂ ਮਹਾਤਮਾ ਰਾਵਣ ਦਾ ਪੁਤਲਾ ਦੁਸ਼ਹਿਰੇ ਵਾਲੇ ਦਿਨ ਨਾ ਸਾੜਿਆ ਜਾਵੇ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਆਦਿ ਵਾਸੀਆਂ ਦੀਆਂ ਧਾਰਮਿਕ ਭਾਵਨਾਵਾ ਨੂੰ ਗਹਿਰੀ ਸੱਟ ਵੱਜਦੀ ਹੈ, ਉਹਨਾਂ ਕਿਹਾ ਕਿ ਪੂਰੇ ਦੇਸ਼ ਵਿਚ ਦੁਸ਼ਹਿਰੇ ਵਾਲੇ ਦਿਨ ਕਰੋੜਾਂ ਹੀ ਰਾਵਣ ਦੇ ਪੁਤਲੇ ਸਾੜ ਕੇ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ, ਇਸ ਤਰ੍ਹਾਂ ਕਰਨ ਨਾਲ ਜਿੱਥੇ ਪ੍ਰਦੂਸ਼ਣ ਤੇ ਵਾਤਾਵਰਣ ਵੀ ਖਰਾਬ ਹੁੰਦਾ ਹੈ, ਉਥੇ ਦੂਸ਼ਿਤ ਵਾਤਾਵਰਣ ਕਾਰਨ ਹੁੰਦੀਆਂ ਬਿਮਾਰੀਆਂ ਵੀ ਇਨਸਾਨ ਨੂੰ ਲੱਗਦੀਆਂ ਹਨ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਲਿਤ ਸਮਾਜ ਤੇ ਰੰਗਰੇਟੇ ਸਿੱਖਾਂ ਦੀ ਪਰਨ ਹਮਾਇਤ ਕਰਦੀ ਹੈ ਤੇ ਉਹਨਾਂ ਦੀ ਮੰਗ ਧਾਰਮਿਕ ਭਾਵਨਾਵਾਂ ਅਨੁਸਾਰ ਵਾਜਬ ਤੇ ਸਹੀ ਹੈ, ਇਸ ਲਈ ਉਹਨਾਂ ਦੀ ਪਾਰਟੀ ਵੱਲੋਂ ਵੀ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਮੰਗ ਪੱਤਰ ਭੇਜ ਕੇ ਮਹਾਤਮਾ ਰਾਵਣ ਦਾ ਪੁਤਲਾ ਨਾ ਸਾੜੇ ਜਾਣ ਦੀ ਮੰਗ ਕੀਤੀ ਹੈ। ਇਸ ਮੌਕੇ ਦਲਜੀਤ ਸਿੰਘ, ਸੱਜਣ ਸਿੰਘ, ਤਰਸੇਮ ਸਿੰਘ, ਜੁਗਰਾਜ ਸਿੰਘ ਫੌਜੀ, ਅਨੂਪ ਸਿੰਘ, ਸੁਖਚੈਨ ਸਿੰਘ, ਸਾਹਬ ਸਿੰਘ ਵਰਨਾਲਾ ਆਦਿ ਹਾਜ਼ਰ ਸਨ।

# ਚੰਡੀਗੜ੍ਹ ਸਬੰਧੀ ਜਾਰੀ ਨਵਾਂ ਨੋਟੀਫੀਕੇਸ਼ਨ ਕੇਂਦਰ ਸਰਕਾਰ ਤੁਰੰਤ ਰੱਦ ਕਰੇ- ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ (ਰਜਿ:)

**ਜਲੰਧਰ–** ਚੰਡੀਗੜ੍ਹ ਤੋਂ ਪੰਜਾਬ ਦੇ ਹੱਕ ਨੂੰ ਨਕਾਰਨ ਵਾਲੇ ਨਵਾਂ ਨੋਟੀਫੀਕੇਸ਼ਨ ਜਾਰੀ ਕਰਨ ਦੀ ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ (ਰਜਿ:) ਨੇ ਪੁਰਜ਼ੋਰ ਨਿਖੇਧੀ ਕੀਤੀ ਹੈ ਅਤੇ ਇਸ ਨੂੰ ਕੇਂਦਰ ਵਲੋਂ ਪੰਜਾਬ ਨਾਲ ਕੀਤੀ ਹੋਈ ਵਧੀਕੀ ਮੰਨਿਆ ਹੈ। ਪੰਜਾਬੀ ਕਲਾਮ ਨਵੀਸ ਪੱਤਰਕਾਰ ਦੇ ਪ੍ਰਧਾਨ ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਗੁੱਝੀਆਂ ਚਾਲਾਂ ਚਲਕੇ, ਪੰਜਾਬ ਤੇ ਹਰਿਆਣਾ ਦਰਮਿਆਨ ਚੰਡੀਗੜ੍ਹ ਨੂੰ ਇੱਕ ਝਗੜੇ ਵਾਲਾ ਸ਼ਹਿਰ ਨਾ ਮੰਨ ਕੇ ਕੇਂਦਰ ਪ੍ਰਸ਼ਾਸ਼ਿਤ ਖੇਤਰ ਬਨਾਉਣ ਦਾ ਰਾਹ ਫੜ ਲਿਆ ਹੈ, ਜੋਕਿ ਅਤਿ ਨਿੰਦਣਯੋਗ ਕਾਰਵਾਈ ਹੈ।



ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਦੇ ਸਰਪ੍ਰਸਤ ਨਰਪਾਲ ਸਿੰਘ ਸ਼ੇਰਗਿਲ, ਪਿਆਰਾ ਸਿੰਘ ਭੋਗਲ, ਗੁਰਚਰਨ ਸਿੰਘ ਨੂਰਪੁਰ ਜਨਰਲ ਸਕੱਤਰ, ਚਰਨਜੀਤ ਸਿੰਘ ਗੁੰਮਟਾਲਾ, ਸ਼ਿਆਮ ਸੁੰਦਰ ਦੀਪਤੀ, ਉਜਾਗਰ ਸਿੰਘ, ਡਾ: ਸਰਬਜੀਤ ਸਿੰਘ ਛੀਨਾ, ਡਾ: ਸਵਰਾਜ ਸਿੰਘ,ਸ਼ਿੰਗਾਰਾ ਸਿੰਘ ਭੁਲਰ, ਸੁਲੱਖਣ ਸਰਹੱਦੀ, ਸਕੱਤਰ ਜੀ.ਐਸ. ਗੁਰਦਿੱਤ, ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਅਤੇ ਦੀਦਾਰ ਸ਼ੇਤਰਾ ਵਿੱਤ ਸਕੱਤਰ ਨੇ ਕਿਹਾ ਕਿ 1966 ਵਿੱਚ ਉਸ ਸਮੇਂ ਦੀ ਕੇਂਦਰ ਸਰਕਾਰ ਨੇ ਚੰਡੀਗੜ੍ਹ ਤੋਂ ਪੰਜਾਬ ਖੋਹ ਲਿਆ ਸੀ ਅਤੇ ਚੰਡੀਗੜ੍ਹ ਤੋਂ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਕੱਢ ਦਿੱਤੇ ਗਏ ਸਨ। ਬਾਅਦ ਵਿੱਚ ਚੰਡੀਗੜ੍ਹ ਨੂੰ ਹਿੰਦੀ ਪ੍ਰਦੇਸ਼ ਬਦਲਣ ਦੀਆਂ ਸਾਜਿਸ਼ਾਂ ਵੀ ਕੀਤੀਆਂ ਗਈਆਂ। ਪੁਨਰਗਠਨ ਐਕਟ ਮੁਤਾਬਿਕ ਉਸ ਸਮੇਂ ਚੰਡੀਗੜ੍ਹ ਪ੍ਰਸਾਸ਼ਨਾਂ 'ਚ ਦੋਵੇਂ ਰਾਜਾਂ ਦੀ ਹਿੱਸੇਦਾਰੀ ਦੀ ਪ੍ਰਤੀਸ਼ਤਾਂ ਤਹਿ ਕੀਤੀਆਂ ਗਈਆਂ ਸੀ। ਜਿਸ ਅਨੁਸਾਰ 60 ਫੀਸਦੀ ਪ੍ਰਾਸ਼ਨਿਕ ਅਤੇ ਜਾਇਦਾਦ ਤੇ ਪੰਜਾਬ ਦਾ ਅਤੇ 40 ਫੀਸਦੀ ਹਰਿਆਣਾ ਦਾ ਹਿੱਸਾ ਲਿਆ ਗਿਆ ਸੀ। ਹੁਣ ਪੰਜਾਬ ਪੁਨਰਗਠਨ ਐਕਟ 'ਚ ਸੰਸਦ ਵਲੋਂ ਜੋ ਧਾਰਾ ਸ਼ਾਮਿਲ ਕੀਤੀ ਗਈ ਸੀ ਉਸਨੂੰ ਹੁਣ ਗ੍ਰਹਿ ਮੰਤਰਾਲੇ ਨੇ ਅਮਲੀ ਰੂਪ 'ਚ ਉਲਟਾ ਦਿੱਤਾ ਹੈ। ਜੋ ਕਿ ਸੰਸਦ ਦੇ ਕੀਤੇ ਫੈਸਲਿਆਂ ਦੀ ਘੋਰ ਉਲੰਘਣਾ ਹੈ।

ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਇਸ ਨਵੇਂ ਨੋਟੀਫੀਕੇਸ਼ਨ ਨੂੰ ਰੱਦ ਕਰੇ ਜਿਸ ਅਨੁਸਾਰ ਕੇਂਦਰ ਪ੍ਰਸ਼ਾਸ਼ਿਤ ਖੇਤਰਾਂ ਦੀ ਤਰ੍ਹਾਂ ਸਾਂਝੇ ਬਣੇ ਕੇਡਰ ਦੇ 50 ਫੀਸਦੀ ਅਹੁਦੇ ਤੇ ਸਿੱਧੀ ਭਰਤੀ ਰਹੀ ਤੇ 50 ਫੀਸਦੀ ਚੰਡੀਗੜ੍ਹ 'ਚ ਕੰਮ ਕਰਦੇ ਅਧਿਕਾਰੀਆਂ ਦੀ ਤਰੱਕੀ ਨਾਲ ਭਰੇ ਜਾਣਗੇ ਅਤੇ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ ਜਾਣ।

# ਟੀ-20 ਵਿਸ਼ਵ ਕੱਪ: ਹਰਮਨਪ੍ਰੀਤ ਨੂੰ ਭਾਰਤੀ ਮਹਿਲਾ ਟੀਮ ਦੀ ਕਮਾਨ




**ਨਵੀਂ ਦਿੱਲੀ–** ਸਟਾਰ ਬੱਲੇਬਾਜ਼ ਹਰਮਨਪ੍ਰੀਤ ਕੌਰ ਨੂੰ ਨਵੰਬਰ ਵਿੱਚ ਵੈਸਟ ਇੰਡੀਜ਼ ਵਿੱਚ ਹੋਣ ਵਾਲੇ ਆਈਸੀਸੀ ਮਹਿਲਾ ਵਿਸ਼ਵ ਕੱਪ ਟੀ-20 ਟੂਰਨਾਮੈਂਟ ਵਿੱਚ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨੀ ਸੌਂਪੀ ਗਈ ਹੈ, ਜਦਕਿ ਸਮ੍ਰਿਤੀ ਮੰਧਾਨਾ ਨੂੰ ਉਪ ਕਪਤਾਨ ਚੁਣਿਆ ਗਿਆ ਹੈ।

ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀਸੀਸੀਆਈ) ਨੇ ਅੱਜ ਇਸ ਦਾ ਐਲਾਨ ਕੀਤਾ ਹੈ। ਉਸ ਨੇ ਦੱਸਿਆ ਕਿ ਭਾਰਤੀ ਮਹਿਲਾ ਚੋਣ ਕਮੇਟੀ ਨੇ ਨੌਂ ਤੋਂ 24 ਨਵੰਬਰ ਤਕ ਵੈਸਟ ਇੰਡੀਜ਼ ਦੀ ਮੇਜ਼ਬਾਨੀ ਵਿੱਚ ਹੋਣ ਵਾਲੇ ਮਹਿਲਾ ਵਿਸ਼ਵ ਕੱਪ ਲਈ ਕੌਮੀ ਟੀਮ ਦੀ ਚੋਣ ਕੀਤੀ ਹੈ।

ਛੇਵੇਂ ਮਹਿਲਾ ਵਿਸ਼ਵ ਕੱਪ ਵਿੱਚ ਭਾਰਤੀ ਟੀਮ ਨੂੰ ਗਰੁਪ 'ਬੀ' ਵਿੱਚ ਰੱਖਿਆ ਹੈ, ਜਿਸ ਵਿੱਚ ਆਸਟਰੇਲੀਆ, ਨਿਊਜ਼ੀਲੈਂਡ, ਪਾਕਿਸਤਾਨ ਅਤੇ ਆਇਰਲੈਂਡ ਦੀਆਂ ਟੀਮਾਂ ਹਨ। ਕੁੱਲ ਦਸ ਟੀਮਾਂ ਟੂਰਨਾਮੈਂਟ ਵਿੱਚ ਖ਼ਿਤਾਬ ਲਈ ਭਿੜਨਗੀਆਂ। ਵਿਸ਼ਵ ਕੱਪ ਦੀ ਸ਼ੁਰੂਆਤ ਗੁਆਨਾ ਵਿੱਚ ਭਾਰਤ ਅਤੇ ਨਿਊਜ਼ੀਲੈਂਡ ਵਿਚਾਲੇ ਮੈਚ ਨਾਲ ਹੋਵੇਗੀ, ਜੋ 9 ਨਵੰਬਰ ਨੂੰ ਖੇਡਿਆ ਜਾਵੇਗਾ।

ਭਾਰਤ ਦਾ ਦੂਜਾ ਮੈਚ 11 ਨਵੰਬਰ ਨੂੰ ਪਾਕਿਸਤਾਨ ਨਾਲ ਇਸੇ ਮੈਦਾਨ 'ਤੇ ਖੇਡਿਆ ਜਾਵੇਗਾ। ਇਸ ਮਗਰੋਂ 15 ਨਵੰਬਰ ਨੂੰ ਭਾਰਤੀ ਟੀਮ ਆਇਰਲੈਂਡ ਨਾਲ, 17 ਨਵੰਬਰ ਨੂੰ ਆਸਟਰੇਲੀਆ ਨਾਲ ਭਿੜੇਗੀ।

# ਪੰਚਾਇਤੀ ਚੋਣਾ ਮੱਦੇਨਜ਼ਰ ਮਾਸਟਰ ਕੇਡਰ ਦਾ ਵਫਦ ਬਾਜਵਾ ਨੂੰ ਮਿਲਿਆ



**ਬਟਾਲਾ (ਨਰਿੰਦਰ ਬਰਨਾਲ)–** ਪੰਜਾਬ ਦੀ ਸਿਰਮੌਰ ਜਥੇਬੰਦੀ ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਦੇਵ ਸਿੰਘ ਬੁੱਟਰ ਤੇ ਵਸਿੰਗਟਨ ਸਿੰਘ ਸਮੀਰੋਵਾਲ, ਹਰਮਿੰਦਰ ਸਿੰਘ, ਗੁਰਪ੍ਰੀਤ ਸਿੰਘ ਰਿਆੜ, ਮਨਜਿੰਦਰ ਸਿੰਘ ਤਰਨਤਾਰਨ, ਰਮਨ ਕੁਮਾਰ, ਕਾਜਲ, ਮਨਜਿੰਦਰ ਸਿੰਘ, ਹਰਬੰਸ ਲਾਲ, ਜਗਜੀਤ ਸਿੰਘ, ਲੁਧਿਆਣਾ, ਜਗਤਾਰ ਸਿੰਘ ਈਲ ਵਾਲ, ਬਲਜਿੰਦਰ ਸਿੰਘ ਮੋਗਾ, ਹਰਸੇਵਕ ਸਿੰਘ ਸਾਧੂਵਾਲ, ਗੁਰਪ੍ਰੀਤ ਸਿੰਘ ਰੰਧਾਵਾ ਫਰੀਦਕੋਟ, ਮਹਿੰਦਰ ਸਿੰਘ ਰਾਣਾ, ਹਰਪ੍ਰੀਤ ਸਿੰਘ ਖੁੰਡਾ, ਨਿਰਮਲ ਸਿੰਘ ਰਿਆੜ, ਪ੍ਰਿਤਪਾਲ ਸਿੰਘ ਬਠਿੰਡਾ, ਕੁਲਜੀਤ ਮਾਨ, ਦੀ ਅਗਵਾਈ ਬੀਤੀਆਂ ਜਿਲਾ ਪ੍ਰੀਸਦ ਚੋਣਾ ਦੀ ਸਮੀਖਿਆ ਕਰਨ ਤੋ ਬਾਅਦ ਸੂਬਾ ਪ੍ਰਧਾਨ ਬਲਦੇਵ ਸਿੰਘ ਬੁੱਟਰ, ਕੁਲਵਿੰਦਰ ਸਿੰਘ ਸਿੱਧੂ ਐਮ ਸੀ ਯੂ ਪ੍ਰਧਾਨ ਗੁਰਦਾਸਪੁਰ ਦੀ ਅਗਵਾਈ ਵਿਚ ਮਾਸਟਰ ਕੇਡਰ ਜਥੇਬੰਦੀ ਵੱਲੋ ਕੈਬਨਿਟ ਮੰਤਰੀ ਸ੍ਰੀ ਤ੍ਰਿਪਤਰਜਿੰਦਰ ਬਜਾਵਾ ਨੂੰ ਮੰਗ ਦਿਤਾ ਜਿਸ ਵਿਚ ਯੂਨੀਅਨ ਵੱਲੋ ਭਵਿੱਖ ਵਿਚ ਆਉਦੀਆਂ ਪੰਚਾਇਤੀ ਚੋਣਾ ਸਬੰਧੀ ਦੱਸਿਆ ਚੋਣ ਡਿਉਟੀ ਤੇ ਤਾਇਨਾਤ ਕਰਮਚਾਰੀਆਂ ਦੀ ਸੁਰੱਖਿਆ ਦਾ ਵਿਸੇਸ਼ ਧਿਆਨ ਰੱਖਿਆ ਜਾਵੇ ਜਿਸ ਸਬੰਧੀ ਦੱਸਿਆ ਕਿ ਮੁਲਾਜਮਾਂ ਦਾ ਖਿਚ ਧੂਹ ਹੁੰਦੀ ਜਦ ਕਿ ਸਰਪੰਚੀ ਦੇ ਉਮੀਦ ਪਾਰਟੀ ਬਾਜੀ ਤਹਿਤ ਮੁਲਾਜਮਾਂ ਨੂੰ ਮੰਦਾ ਚੰਗਾ ਵੀ ਬੋਲਦੇ ਹਨ। ਇਸ ਕਰਕੇ ਪੰਚਾਇਤੀ ਚੋਣਾ ਦੀ ਗਿਣਤੀ ਕਿਸੇ ਦਿਨ ਵੀ ਬਲਾਕ ਪੱਧਰ ਤੇ ਕਰਵਾਈ ਜਾਵੇ। ਇਹਨਾ ਸਿਆਸੀ ਦਾਅ ਪੇਚਾਂ ਕਰਕੇ ਕਈ ਵਾਰ ਮੁਲਾਜਮਾਂ ਦੇ ਮਾਣ ਸਨਮਾਨ ਦਾ ਮਸਲਾ ਵੀ ਅਕਸਰ ਹੈ। ਇਸ ਵਾਸਤੇ ਯੂਨੀਅਨ ਮੰਗ ਕਰਦੀ ਹੈ ਪੰਜਾਬ ਵਿਚ ਪੰਚਾਇਤੀ ਚੋਣ ਅਰਧ ਸੈਨਿਕ ਦਲਾਂ ਦੀ ਸੁਰੱਖਿਆ ਹੇਠ ਕਰਵਾਈਆ ਜਾਣ। ਚੋਣ ਅਮਲੇ ਦੀ ਘੱਟੋ ਘੱਟ ਦਸ ਲੱਖ ਰੁਪੈ ਦੀ ਇੰਸੋਰੈਸ ਕੀਤੀ ਜਾਵੇ। ਇਸਤਰੀ ਮੁਲਾਜਮਾਂ ਦੀ ਪੰਚਾਇਤੀ ਚੋਣਾ ਵਿਚ ਡਿਉਟੀ ਕਿਸੇ ਵੀ ਹੱਦ ਤੱਕ ਨਾ ਲਗਾਈ ਜਾਵੇ ਜੇਕਰ ਲਗਾਈ ਹੀ ਜਾਂਦੀ ਹੈ ਤਾ ਉਹਨਾ ਦੇ ਸਿਖਿਅ ਬਲਾਕ ਵਿਚ ਹੀ ਲਗਾਈ ਜਾਵੇ। ਡਿਊਟੀ ਤੇ ਤਾਇਨਾਤ ਅਮਲੇ ਨੂੰ ਵੋਟ ਦਾ ਅਧਿਕਾਰ ਵੀ ਦਿਤਾ ਜਾਵੇ । ਕਪਲ ਕੇਸਾ ਵਿਚ ਡਿਊਟੀ ਇਕ ਦੀ ਲਗਾਈ ਜਾਵੇ ਜੀ, ਮੁਲਾਜਮਾਂ ਦੇ ਮਾਣ ਭੱਤੇ ਦੀ ਗੱਲ ਸਬੰਧੀ ਇਹਨਾ ਦਾ ਮਾਣ ਭੱਤਾ ਰਿਹਰਸਲ ਤੇ ਭੁਗਤਾਨ ਕਰ ਦਿਤਾ ਜਾਵੇ। ਇਸ ਤੋ ਇਲਾਵਾ ਸਮਾਨ ਜਮਾਂ ਕਰਵਾਉਦੇ ਸਮੇ ਮੁਲਾਜਮਾਂ ਦੀ ਖੱਜਲ ਖੁਆਰੀ ਨੂੰ ਰੋਕਿਆ ਜਾਵੇ। ਇਸ ਪਹਿਲਾ ਹੀ ਲਿਖਤੀ ਰੂਪ ਵਿਚ ਲਿਸਟ ਦੇ ਦਿਤੀ ਜਾਵੇ ਤਾਂ ਜੋ ਕਿਸੇ ਨੂੰ ਵੀ ਕੋਈ ਦਿਕਤ ਪੇਸ਼ ਨਾ ਆਏ ।

ਸ੍ਰੀ ਬਾਜਵਾ ਨੇ ਭਰੋਸਾ ਦਿਤਾ ਕਿ ਮਾਸਟਰ ਕੇਡਰ ਦੀਆਂ ਮੰਗਾ ਤੇ ਪੂਰਾ ਧਿਆਨ ਦਿਤਾ ਜਾਵੇਗਾ। ਸ੍ਰੀ ਬਾਜਵਾ ਦੇ ਗ੍ਰਹਿ ਵਿਖੇ ਮੰਗਪੱਤਰ ਦੇਣ ਵਾਲਿਆ ਵਿਚ ਦਲਵਿੰਦਰਜੀਤ ਸਿੰਘ ਗਿਲ, ਸਮਸੇਰ ਸਿੰਘ ਕਾਹਲੋ, ਗੁਰਮੀਤ ਸਿੰਘ ਪਾਰੋਵਾਰ, ਨਰਿੰਦਰ ਚੀਮਾਂ , ਰਜਿੰਦਰ ਸਰਮਾ, ਬਲਵਿੰਦਰ ਸਿੰਘ ਡੀ ਪੀ, ਸਰਵਨ ਸਿੰਘ, ਨਿਰਮਲ ਸਿੰਘ ਰਿਆੜ, ਮੁਕੇਸ਼, ਰਾਜ ਕੁਮਾਰ, ਪ੍ਰੇਮ ਪਾਲ ਸਿੰਘ ਢਿਲੋ, ਅਮਰੀਕ ਸਿੰਘ , ਨਰਿੰਦਰ ਸਿੰਘ, ਵਿਪਨ ਕੁਮਾਰ ਆਦਿ ਮਾਸਟਰ ਕੇਡਰ ਦੇ ਅਧਿਆਪਕ ਹਾਜਰ ਸਨ।

# ਆਧਾਰ ਉਤੇ ਕਿੰਤੂ ਪ੍ਰੰਤੂ ਅਤੇ ਅਦਾਲਤੀ ਫੈਸਲਾ

**ਅਸਲ ਵਿੱਚ ਨਾ ਹੀ ਯੂ ਪੀ ਏ ਸਰਕਾਰ ਅਤੇ ਨਾ ਹੀ ਐਨ ਡੀ ਏ ਸਰਕਾਰ ਆਧਾਰ ਨੂੰ ਇੱਕ ਵਿਸ਼ਿਸ਼ਟ ਵਿਵਸਥਾ ਬਨਾਉਣ 'ਚ ਕਾਮਯਾਬ ਹੋਈਆਂ। ਯੂ ਪੀ ਏ ਨੇ 2006 ਵਿੱਚ ਆਧਾਰ ਯੋਜਨਾ ਨੂੰ ਆਈ ਟੀ ਮੰਤਰਾਲੇ ਨਾਲ ਸ਼ੁਰੂ ਕੀਤਾ ਬਾਅਦ ਵਿੱਚ 2009 'ਚ ਯੂ ਆਈ ਡੀ ਏ ਆਈ ਸੰਸਥਾ ਬਣਾਕੇ ਇਸਨੂੰ ਪਲਾਨਿੰਗ ਕਮਿਸ਼ਨ ਹਵਾਲੇ ਕੀਤਾ ਗਿਆ। ਐਨ ਡੀ ਏ ਸਰਕਾਰ ਨੇ ਰਾਜ ਸਭਾ ਵਿੱਚ ਬਹੁਮਤ ਨਾ ਹੋਣ ਕਾਰਨ ਆਧਾਰ ਕਨੂੰਨ ਨੂੰ ਮਨੀ ਬਿੱਲ ਦੇ ਤੌਰ ਤੇ ਪਾਸ ਕਰਾਉਣ ਦੀ ਯੁਗਤ ਲੜਾਏ, ਜਿਸਨੂੰ ਇਸ ਸੰਵਿਧਾਨਿਕ ਬੈਂਚ ਦੇ ਮਾਨਯੋਗ ਜਸਟਿਸ ਚੰਦਰਚੂੜ ਨੇ ਸੰਵਿਧਾਨ ਨਾਲ ਧੋਖਾ ਕਰਾਰ ਦਿੱਤਾ। ਭਾਵੇਂ ਕਿ ਸੰਵਿਧਾਨਿਕ ਪੀਠ ਨੇ ਬਹੁ ਸੰਮਤਾ ਨਾਲ ਇਸਨੂੰ ਮਨੀ ਬਿੱਲ ਦੇ ਤੌਰ ਤੇ ਪਾਰਿਤ ਇਸ ਕਾਨੂੰਨ ਨੂੰ ਮਾਨਤਾ ਦੇ ਦਿੱਤੀ। ਪਰ ਸੁਮਰੀਮ ਕੋਰਟ ਦੇ ਫੈਸਲੇ ਨਾਲ ਟੈਲੀਕੌਮ ਸਮੇਤ ਸਾਰੀਆਂ ਨਿੱਜੀ ਕੰਪਨੀਆਂ ਵਲੋਂ ਆਧਾਰ ਡਾਟਾ ਦੀ ਵਰਤੋਂ ਉਤੇ ਰੋਕ ਨਾਲ ਆਧਾਰ ਦੇ ਖਤਰਨਾਕ ਵਿਸਥਾਰ ਉਤੇ ਲਗਾਮ ਲੱਗੇਗੀ।**



ਗੁਰਮੀਤ ਸਿੰਘ ਪਲਾਹੀ
91-98158-02070

2018 ਵਿੱਚ ਸੁਪਰੀਮ ਕੋਰਟ ਦੇ ਸੰਵਿਧਾਨਿਕ ਪੀਠ ਦੇ ਬਹੁਸੰਮਤੀ (4:1) ਫੈਸਲੇ ਨਾਲ ਆਧਾਰ ਬਾਰੇ ਕੁਝ ਗੱਲਾਂ ਬਹੁਤ ਹੀ ਸਪੱਸ਼ਟ ਹੋਈਆਂ ਹਨ। ਉਦਾਹਰਨ ਦੇ ਤੌਰ ਤੇ ਆਧਾਰ ਇਕ ਵਿਸ਼ੇਸ਼ ਪ੍ਰਮਾਣ ਪੱਤਰ ਹੈ। ਇਸ ਦੀ ਵਰਤੋਂ ਪੈਨ ਕਾਰਡ ਬਨਾਉਣ, ਸਰਕਾਰੀ ਸਹੂਲਤਾਂ ਲੈਣ, ਸਮੇਤ ਸਬਸਿਡੀ ਲਈ ਜ਼ਰੂਰੀ ਹੈ ਜਦਕਿ ਬੈਂਕ ਖਾਤਿਆਂ, ਮੋਬਾਇਲ ਫੋਨ, ਪੈਂਸ਼ਨ, ਸਕੂਲਾਂ ਵਿੱਚ ਪ੍ਰਵੇਸ਼, ਬੀਮਾ ਪਾਲਿਸੀ, ਡਾਕਘਰ ਯੋਜਨਾਵਾਂ ਲਈ ਇਸਦੀ ਜ਼ਰੂਰੀ ਵਰਤੋਂ ਆਧਾਰ ਉਤੇ ਜ਼ੋਰ ਨਹੀਂ ਦਿੱਤਾ ਜਾ ਸਕਦਾ। ਇਸ ਨਾਲ ਬਹੁਤੇ ਲੋਕਾਂ ਖਾਸ ਕਰਕੇ ਪ੍ਰਵਾਸੀ ਭਾਰਤੀਆਂ ਨੂੰ ਵੱਡੀ ਰਾਹਤ ਮਿਲੇਗੀ, ਜਿਹਨਾ ਦੇ ਬੈਂਕ 'ਚ ਵੱਡੇ ਖਾਤੇ, ਫਿਕਸਡ ਡਪਾਜ਼ਿਟ ਉਹਨਾ ਲਈ ਗਲਤਫਹਿਮੀਆਂ ਕਾਰਨ ਆਧਾਰ ਕਾਰਨ ਵੱਡੀ ਸਿਰ ਦਰਦੀ ਬਣੇ ਹੋਏ ਸਨ ਅਤੇ ਉਹ ਸਹੀ-ਗਲਤ ਢੰਗ ਨਾਲ ਆਧਾਰ ਬਨਾਉਣ ਲਈ ਯਤਨਸ਼ੀਲ ਸਨ।

### ਆਧਾਰ ਕਿਉਂ ਸ਼ੁਰੂ ਹੋਇਆ?

ਆਧਾਰ ਦੀ ਸ਼ੁਰੂਆਤ ਪਿਛਲੀ ਯੂ ਪੀ ਏ ਸਰਕਾਰ ਨੇ ਇਸ ਗੱਲ ਨੂੰ ਧਿਆਨ 'ਚ ਰੱਖਦਿਆਂ ਕੀਤੀ ਸੀ ਕਿ ਗਰੀਬਾਂ ਦੇ ਕੋਲ ਆਪਣੀ ਪਛਾਣ ਲਈ ਕੋਈ ਵਿਸ਼ਵਾਸਯੋਗ ਪ੍ਰਣਾਲੀ ਨਹੀਂ ਸੀ। ਦੂਜੇ ਸ਼ਹਿਰਾਂ ਤੋਂ ਆਏ ਮਜ਼ਦੂਰ, ਝੁੱਗੀਆਂ-ਝੌਂਪੜੀਆਂ 'ਚ ਰਹਿਣ ਵਾਲੇ, ਜੰਗਲਾਂ ਦੇ ਲਾਗੇ ਵਸੇਰਾ ਕਰਨ ਵਾਲੇ ਅਤੇ ਸੜਕਾਂ ਦੇ ਕੰਢਿਆਂ ਉਤੇ ਜ਼ਿੰਦਗੀ ਕੱਟਣ ਨੂੰ ਮਜ਼ਬੂਰ ਲੋਕਾਂ ਕੋਲ ਕੋਈ ਪਛਾਣ ਪੱਤਰ ਨਾ ਹੋਣ ਕਾਰਨ ਉਹ ਵੱਡਾ ਖਮਿਆਜਾ ਭੁਗਤਦੇ ਸਨ। ਉਹਨਾ ਨੂੰ ਆਪਣੇ ਬੱਚੇ ਸਕੂਲਾਂ 'ਚ ਦਖਲ ਕਰਾਉਣ, ਥਾਣੇ ਕਚਿਹਰੀ ਕੋਈ ਕੰਮ ਕਰਾਉਣ ਲਈ ਦਿੱਕਤਾਂ ਤਾਂ ਆਉਂਦੀਆਂ ਹੀ ਸਨ, ਉਹਨਾਂ ਨਾਲ ਸਬੰਧਤ ਥਾਣਿਆਂ ਵਾਲੇ , ਨਗਰ ਨਿਗਮਾਂ, ਪੰਚਾਇਤਾਂ ਵਾਲੇ ਉਹਨਾ ਨੂੰ ਅਵਾਰਾ ਸਮਝਕੇ ਉਹਨਾ ਨਾਲ ਅਤਿ ਭੈੜਾ ਵਿਵਹਾਰ ਕਰਦੇ ਸਨ। ਅਤੇ ਕੋਈ ਪਛਾਣ ਪੱਤਰ ਨਾ ਹੋਣ ਕਾਰਨ ਬੁਢਾਪਾ ਅਤੇ ਹੋਰ ਸਬਸਿਡੀਆਂ ਤੋਂ ਵਿਰਵੇ ਰਹਿੰਦੇ ਸਨ ਜਦਕਿ ਦੂਜੇ ਪਾਸੇ ਚੰਗੇ ਘਰਾਂ ਵਾਲੇ ਬਹੁਤੇ ਗੈਸ ਸਿਲੰਡਰ, ਸਬਸਿਡੀਆਂ ਲੈਕੇ ਇਸਦੀ ਦੁਰਵਰਤੋਂ ਕਰਦੇ ਸਨ ਅਤੇ ਐਲ ਪੀ ਜੀ ਡੀਲਰ ਫਰਜ਼ੀ ਗਾਹਕਾਂ ਦੇ ਨਾਮ ਉਤੇ ਸਿਲੰਡਰ ਆਪ ਕਲੇਮ ਕਰਦੇ ਸਨ। ਇਥੋਂ ਤੱਕ ਕਿ ਕਾਲਜਾਂ 'ਚ ਵਜ਼ੀਫੇ ਵੀ ਬਹੁਤੀ ਵੇਰ ਫਰਜ਼ੀ ਵਿਦਿਆਰਥੀਆਂ ਦੇ ਦਾਖਲੇ ਨਾਲ ਕਾਲਜ ਪ੍ਰਬੰਧਕ ਹੜੱਪਦੇ ਸਨ ਤੇ ਚੂਨਾ ਸਰਕਾਰ ਨੂੰ ਲਗਾਉਂਦੇ ਸਨ।

ਹਰ ਵਿਅਕਤੀ ਦੀ ਆਪਣੀ ਪਛਾਣ ਹੈ, ਪਰ ਉਹ ਆਪਣੀ ਪਛਾਣ ਨਹੀਂ ਕਰਵਾ ਪਾਉਂਦੇ। ਇਸਦਾ ਮੁਖ ਕਾਰਨ ਗਰੀਬੀ ਹੈ। ਯੂਪੀ ਏ ਸਰਕਾਰ ਨੇ ਇਸ ਸਮੱਸਿਆ ਨੂੰ ਸਮਝਕੇ ਇਕ ਇਹੋ ਜਿਹਾ ਔਜ਼ਾਰ ਵਿਕਸਤ ਕਰਨ ਦੀ ਲੋੜ ਮਹਿਸੂਸ ਕੀਤੀ ਜਿਸ ਨਾਲ ਹਰ ਵਿਅਕਤੀ ਦੀ ਮਦਦ ਕੀਤੀ ਜਾ ਸਕੇ ਤੇ ਲੋੜ ਹੋਵੇ ਤਾਂ ਉਸਦੀ ਪਛਾਣ ਹੋ ਸਕੇ ਅਤੇ ਇਸੇ ਪਛਾਣ ਦੇ ਆਧਾਰ ਉਤੇ ਉਹ ਸਬਸਿਡੀ ਸਰਕਾਰੀ ਲਾਭ ਜਾਂ ਸੇਵਾਵਾਂ ਪ੍ਰਾਪਤ ਕਰ ਸਕੇ ਕਿਉਂਕਿ ਕਲਿਆਣਕਾਰੀ ਰਾਜ ਪੈਸੇ ਜਾਂ ਨਕਦੀ ਦੇ ਰੂਪ ਵਿੱਚ ਜੋ ਸੁਵਿਧਾਵਾਂ, ਜਾ ਸਹਾਇਤਾ ਦਿੰਦਾ ਹੈ, ਉਹ ਸਹੀ ਹੱਥਾਂ ਤੱਕ ਪੁੱਜ ਸਕਣ।

ਸਿੱਟੇ ਵਜੋਂ ਆਧਾਰ ਅਤੇ ਯੂ ਆਈ ਡੀ ਏ ਆਈ (ਭਾਰਤੀ ਵਿਸ਼ਿਸ਼ਟ ਪਹਿਚਾਣ ਪ੍ਰਾਧੀਕਰਣ) ਦੀ ਸਥਾਪਨਾ ਆਧਾਰ ਦਾ ਕੰਮ 2010 ਵਿੱਚ ਸ਼ੁਰੂ ਹੋਇਆ ਅਤੇ ਇਸਦੇ ਤਹਿਤ ਸਬਸਿਡੀਆਂ ਤੇ ਸੇਵਾਵਾਂ ਦਾ ਕੰਮ ਜਨਵਰੀ 2013 'ਚ ਆਰੰਭਿਆ ਗਿਆ। ਇਸ ਤਹਿਤ ਡੀ ਬੀ ਟੀ (ਸਿੱਧਾ ਲਾਭ ਟ੍ਰਾਂਸਫਰ) ਸਕੀਮ ਤਹਿਤ ਕਲਿਆਣਕਾਰੀ ਲਾਭ, ਗੈਸ ਸਬਸਿਡੀ ਦੇਣੀ ਆਰੰਭੀ ਗਈ।

### ਆਧਾਰ ਉਤੇ ਕਿੰਤੂ ਪ੍ਰੰਤੂ ਅਤੇ ਅਦਾਲਤੀ ਫੈਸਲਾ

ਮਈ 2014 ਵਿੱਚ ਨਵੀਂ ਐਨ ਡੀ ਏ ਸਰਕਾਰ ਬਣੀ। ਇਸ ਸਰਕਾਰ ਵਲੋਂ ਆਧਾਰ ਦੀ ਵਿਆਪਕ ਵਰਤੋਂ ਸ਼ੁਰੂ ਕਰ ਦਿੱਤੀ ਗਈ, ਭਾਵੇਂ ਕਿ ਸ਼ੁਰੂ ਵਿੱਚ ਭਾਜਪਾ ਵਲੋਂ ਲਾਭਪਾਤਰੀਆਂ ਨੂੰ ਦਿੱਤੀ ਜਾਣ ਵਾਲੀ ਡੀ ਬੀ ਟੀ ਯੋਜਨਾ ਦਾ ਪ੍ਰਤੀ ਰੁਖ ਉਦਾਸੀ ਭਰਿਆ ਸੀ। ਪਰ ਬਾਅਦ ਵਿੱਚ ਸਾਰੇ ਮਹਿਕਮਿਆਂ, ਵਿਭਾਗਾਂ ਦੀਆਂ ਯੋਜਨਾਵਾਂ ਆਧਾਰ ਨਾਲ ਹੀ ਲਾਗੂ ਕਰਨ ਦਾ ਕੰਮ ਜੋਰ ਸ਼ੋਰ ਨਾਲ ਆਰੰਭਿਆ ਗਿਆ। ਬੈਂਕ ਖਾਤੇ, ਬੀਮਾ ਪਾਲਿਸੀਆਂ, ਕਰੈਡਿਟ ਕਾਰਡ, ਪੀ ਪੀ ਐਫ, ਕਿਸਾਨ ਵਿਕਾਸ ਪੱਤਰ, ਮੋਬਾਇਲ ਫੋਨ, ਮਿਡ ਡੇ ਮੀਲ ਆਦਿ ਯੋਜਨਾਵਾਂ ਆਧਾਰ ਨਾਲ ਜੋੜ ਦਿੱਤੇ ਗਏ। ਰੋਜ਼ਾਨਾ ਜੀਵਨ ਦੇ ਬਹੁਤ ਸਾਰੇ ਪਹਿਲੂਆਂ ਨੂੰ ਆਧਾਰ ਨਾਲ ਜੋੜਿਆ ਜਾਣ ਲੱਗਾ ਅਤੇ ਇਸ ਸਬੰਧ ਵਿੱਚ ਸਾਰੇ ਵਿਰੋਧਾਂ ਨੂੰ ਦਰ ਕਿਨਾਰਾ ਕੀਤਾ ਗਿਆ। ਆਧਾਰ ਨੂੰ ਨਿੱਜਤਾ ਦੇ ਅਧਿਕਾਰ ਉਤੇ ਛਾਪਾ ਕਰਾਰ ਦਿੱਤਾ ਜਾਣ ਲੱਗਾ ਅਤੇ ਇਹ ਮਸਲਾ ਸੁਪਰੀਮ ਕੋਰਟ ਵਿੱਚ ਚਲਾ ਗਿਆ।

ਸੁਪਰੀਮ ਕੋਰਟ ਨੇ ਛੇ ਸਾਲ ਸੁਣਵਾਈ ਦੇ ਬਾਅਦ 1448 ਸਫਿਆਂ ਦਾ ਭਾਰੀ-ਭਰਕਮ ਫੈਸਲਾ ਸੁਣਾਇਆ, ਜਿਸ ਵਿੱਚ ਇਹ ਵੀ ਕਿਹਾ ਗਿਆ ਕਿ ਆਧਾਰ ਨਾਲ ਨਿੱਜਤਾ ਦੇ ਅਧਿਕਾਰ ਦਾ ਹਨਨ ਨਹੀਂ ਹੁੰਦਾ। ਇਸ ਫੈਸਲੇ ਨਾਲ ਹੁਣ ਇਹ ਜ਼ਰੂਰੀ ਹੋ ਗਿਆ ਕਿ ਦੇਸ਼ ਦੇ ਲਗਭਗ 36 ਕਰੋੜ ਪੈਨ ਕਾਰਡ ਧਾਰਕ, ਆਧਾਰ ਨਾਲ ਜੋੜੇ ਜਾਣੇ ਜ਼ਰੂਰੀ ਕਰ ਦਿੱਤੇ ਗਏ ਹਨ। ਬੈਂਕ ਖਾਤੇ, ਬੀਮਾ ਉਤੇ ਹੋਰ ਵਿੱਤੀ ਲੈਣ-ਦੇਣ ਵਿੱਚ ਪੈਨ ਨੰਬਰ ਦੀ ਵਰਤੋਂ ਮੱਧਵਰਗੀ ਅਤੇ ਅਮੀਰ ਲੋਕਾ ਲਈ ਪਿਛਲੇ ਦਰਵਾਜੇ ਰਾਹੀਂ ਆਧਾਰ ਨਾਲ ਜੋੜਨਾ ਜ਼ਰੂਰੀ ਬਣ ਗਿਆ। ਸਰਕਾਰੀ ਯੋਜਨਾਵਾਂ ਅਤੇ ਸਬਸਿਡੀ ਲਈ ਆਧਾਰ ਜ਼ਰੂਰੀ ਹੋਣ ਨਾਲ ਹੇਠਲੇ ਵਰਗ ਦੀ ਵੱਡੀ ਆਬਾਦੀ ਆਧਾਰ ਦੇ ਦਾਇਰੇ ਵਿੱਚ ਰਹੇਗੀ। ਪਰ ਸੁਪਰੀਮ ਕੋਰਟ ਨੇ ਇਹ ਫੈਸਲਾ ਵੀ ਸੁਣਾਇਆ ਕਿ ਆਧਾਰ ਨਾ ਹੋਣ ਕਾਰਨ ਕੋਈ ਵੀ ਵਿਅਕਤੀ ਸਰਕਾਰੀ ਯੋਜਨਾਵਾਂ ਤੋਂ ਮਹਿਰੂਮ ਨਹੀਂ ਰੱਖਿਆ ਜਾ ਸਕਦਾ। ਅਸਲ ਵਿੱਚ ਨਾ ਹੀ ਯੂ ਪੀ ਏ ਸਰਕਾਰ ਅਤੇ ਨਾ ਹੀ ਐਨ ਡੀ ਏ ਸਰਕਾਰ ਆਧਾਰ ਨੂੰ ਇੱਕ ਵਿਸ਼ਿਸ਼ਟ ਵਿਵਸਥਾ ਬਣਾਉਣ 'ਚ ਕਾਮਯਾਬ ਹੋਈਆਂ। ਯੂ ਪੀ ਏ ਨੇ 2006 ਵਿੱਚ ਆਧਾਰ ਯੋਜਨਾ ਨੂੰ ਆਈ ਟੀ ਮੰਤਰਾਲੇ ਨਾਲ ਸ਼ੁਰੂ ਕੀਤਾ ਬਾਅਦ ਵਿੱਚ 2009 'ਚ ਯੂ ਆਈ ਡੀ ਏ ਆਈ ਸੰਸਥਾ ਬਣਾਕੇ ਇਸਨੂੰ ਪਲਾਨਿੰਗ ਕਮਿਸ਼ਨ ਹਵਾਲੇ ਕੀਤਾ ਗਿਆ। ਐਨ ਡੀ ਏ ਸਰਕਾਰ ਨੇ ਰਾਜ ਸਭਾ ਵਿੱਚ ਬਹੁਮਤ ਨਾ ਹੋਣ ਕਾਰਨ ਆਧਾਰ ਕਨੂੰਨ ਨੂੰ ਮਨੀ ਬਿੱਲ ਦੇ ਤੌਰ ਤੇ ਪਾਸ ਕਰਾਉਣ ਦੀ ਯੁਗਤ ਲੜਾਏ, ਜਿਸਨੂੰ ਇਸ ਸੰਵਿਧਾਨਿਕ ਬੈਂਚ ਦੇ ਮਾਨਯੋਗ ਜਸਟਿਸ ਚੰਦਰਚੂੜ ਨੇ ਸੰਵਿਧਾਨ ਨਾਲ ਧੋਖਾ ਕਰਾਰ ਦਿੱਤਾ। ਭਾਵੇਂ ਕਿ ਸੰਵਿਧਾਨਿਕ ਪੀਠ ਨੇ ਬਹੁ ਸੰਮਤਾ ਨਾਲ ਇਸਨੂੰ ਮਨੀ ਬਿੱਲ ਦੇ ਤੌਰ ਤੇ ਪਾਰਿਤ ਇਸ ਕਾਨੂੰਨ ਨੂੰ ਮਾਨਤਾ ਦੇ ਦਿੱਤੀ। ਪਰ ਸੁਮਰੀਮ ਕੋਰਟ ਦੇ ਫੈਸਲੇ ਨਾਲ ਟੈਲੀਕੌਮ ਸਮੇਤ ਸਾਰੀਆਂ ਨਿੱਜੀ ਕੰਪਨੀਆਂ ਵਲੋਂ ਆਧਾਰ ਡਾਟਾ ਦੀ ਵਰਤੋਂ ਉਤੇ ਰੋਕ ਨਾਲ ਆਧਾਰ ਦੇ ਖਤਰਨਾਕ ਵਿਸਥਾਰ ਉਤੇ ਲਗਾਮ ਲੱਗੇਗੀ। ਕੇਂਦਰ ਸਰਕਾਰ ਦੀ ਤਰਜ਼ ਉਤੇ ਨਿੱਜੀ ਕੰਪਨੀਆਂ ਅਤੇ ਸੂਬਾ ਸਰਕਾਰਾਂ ਵੀ ਆਧਾਰ ਰਾਹੀਂ ਡਾਟਾ ਇੱਕਠਾ ਕਰਨ ਦੇ ਖੇਡ ਵਿੱਚ ਸ਼ਾਮਲ ਸਨ, ਜਿਸ ਨਾਲ ਇਹ ਯੋਜਨਾ ਸੰਕਟ ਦਾ ਸ਼ਿਕਾਰ ਹੋਈ। ਦਿੱਲੀ 'ਚ ਕੇਜਰੀਵਾਲ ਸਰਕਾਰ ਨੇ ਸਕੂਲੀ ਬੱਚਿਆਂ ਦਾ ਡਾਟਾ ਇੱਕਠਾ ਕਰਨ ਦੀ ਸ਼ੁਰੂਆਤ ਕੀਤੀ, ਜਿਸ ਨੂੰ ਅਦਾਲਤ 'ਚ ਚਣੌਤੀ ਦਾ ਸਾਹਮਣਾ ਕਰਨਾ ਪਿਆ।

ਸੰਵਿਧਾਨ ਦੇ ਅਨੁਛੇਦ 21 ਦੇ ਤਹਿਤ 6 ਤੋਂ 14 ਸਾਲ ਦੇ ਬੱਚਿਆਂ ਦੀ ਸਿੱਖਿਆ ਦੇ ਮੌਲਿਕ ਹੱਕਾਂ ਦੇ ਮੱਦੇ ਨਜ਼ਰ ਸੁਮਰੀਪ ਕੋਰਟ ਦੇ ਫੈਸਲੇ ਬਾਅਦ ਸਕੂਲਾਂ 'ਚ ਆਧਾਰ ਜ਼ਰੂਰੀ ਨਹੀਂ ਰਹਿਣ ਦਿੱਤਾ ਗਿਆ। ਜਿਸ ਤੋਂ ਸਾਫ ਹੈ ਕਿ ਸਿਧਾਂਤਕ ਤੌਰ ਤੇ ਹੁਣ ਆਧਾਰ ਲੈਣਾ ਬੱਚਿਆਂ ਲਈ ਜ਼ਰੂਰੀ ਨਹੀਂ ਹੈ। ਅਸਲ ਵਿੱਚ ਸੁਪਰੀਮ ਕੋਰਟ ਨੇ ਆਧਾਰ ਵਿੱਚ ਜੋ ਚੰਗਾ ਹੈ ਉਸ ਨੂੰ ਬਚਾਇਆ ਅਤੇ ਅਤੇ ਜੋ ਉਸ ਵਿੱਚ ਬੁਰਾ ਹੈ, ਉਸਦੀ ਸ਼ਨਾਖਤ ਕੀਤੀ ਹੈ ਅਤੇ ਉਸ ਵਿਚੋਂ ਜਿਆਦਾਤਰ ਸ਼ਨਾਖਤ ਕਰਕੇ ਬੁਰੇ ਨੂੰ ਬਾਹਰ ਕਰ ਦਿੱਤਾ ਹੈ। ਭਾਵੇਂ ਕਿ ਹਾਲੇ ਵੀ ਬਹੁਤਾ ਕੁਝ ਇਸ ਵਿੱਚ ਬੁਰਾ ਦਿਖਾਈ ਦੇਵੇਗਾ।

ਆਧਾਰ ਜਿਹੇ ਮਾਮਲੇ ਵਿੱਚ ਨਿੱਜਤਾ ਅਤੇ ਡਾਟਾ ਸੁਰੱਖਿਆ ਦੇ ਮੁੱਦੇ ਉਤੇ ਸਰਕਾਰ ਕਾਨੂੰਨ ਬਨਾਉਣ ਵਿੱਚ ਅਸਫਲ ਰਹੀ।

ਡਿਜੀਟਲ ਇੰਡੀਆ ਦੇ ਦੌਰ ਵਿੱਚ ਆਧਾਰ, ਡਿਜੀਟਲ ਇੰਡੀਆ, ਈ ਬੈਂਕਿੰਗ, ਈ ਕਾਮਰਸ ਅਤੇ ਸੋਸ਼ਲ ਮੀਡੀਆ ਵਿੱਚ ਵੱਡੇ ਪੈਮਾਨੇ ਤੋਂ ਚਣੌਤੀ ਖੜੀ ਹੋਈ ਹੈ।

ਸਪਰੀਮ ਕੋਰਟ ਦੇ 9 ਜੱਜਾਂ ਦੀ ਪੀਠ ਨੇ ਨਿੱਜਤਾ ਦੇ ਆਪਣੇ ਫੈਸਲੇ 'ਚ ਡਾਟਾ ਨੂੰ ਮੁੱਲਵਾਨ ਕਿਹਾ ਅਤੇ ਸੁਰੱਖਿਆ ਲਈ ਕਾਨੂੰਨ ਬਨਾਉਣ ਦੀ ਸਰਕਾਰ ਨੂੰ ਹਦਾਇਤ ਕੀਤੀ। ਬੈਂਕ ਅਤੇ ਟੈਲੀਕਾਮ ਸੰਸਥਾਵਾਂ ਨੂੰ ਆਧਾਰ ਦਾ ਜੋ ਡਾਟਾ ਇੱਕਠਾ ਕੀਤਾ ਜਾ ਚੁੱਕਾ ਹੈ, ਉਸਨੂੰ ਸੁਪਰੀਮ ਕੋਰਟ ਦੇ ਫੈਸਲੇ ਕਾਰਨ ਡਲੀਟ ਕਰਨਾ ਵੱਡੀ ਚਣੌਤੀ ਹੈ। ਕੀ ਇਸ ਲਈ ਵਿਅਕਤੀਗਤ ਬੇਨਤੀ ਪੱਤਰ ਦੇਣਾ ਪਵੇਗਾ ਜਾਂ ਫਿਰ ਸਰਕਾਰ ਕੁਝ ਕਰੇਗੀ।

ਸ਼ੁਰੂਆਤੀ ਦੌਰ 'ਚ ਆਧਾਰ ਨੂੰ ਰਾਸ਼ਟਰੀ ਜਨਸੰਖਿਆ ਰਜਿਸਟਰ ਨਾਲ ਜੋੜਨ ਦੀ ਯੋਜਨਾ ਬਣੀ। ਪਰ ਬਾਅਦ ਵਿੱਚ ਦੇਸ਼ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਨੂੰ ਆਧਾਰ ਨੰਬਰ ਨਾਲ ਜੋੜਨ ਦੀ ਯੋਜਨਾ ਬਣਾ ਦਿੱਤੀ ਗਈ। ਫੈਸਲੇ ਅਨੁਸਾਰ ਘੁਸਪੈਠੀਆਂ, ਵਿਦੇਸ਼ੀ ਸ਼ਰਨਾਰਥੀਆਂ ਨੂੰ ਆਧਾਰ ਨੰਬਰ ਨਹੀਂ ਦਿੱਤਾ ਜਾ ਸਕਦਾ।

ਗ੍ਰਹਿ ਵਿਭਾਗ ਦੇ ਰਿਪੋਰਟ ਅਨੁਸਾਰ ਦੇਸ਼ ਵਿੱਚ ਕਰੋੜਾਂ ਘੁਸਪੈਠੀਏ ਹਨ, ਜਿਹਨਾ ਨੂੰ ਜੇਕਰ ਆਧਾਰ ਕਾਰਡ ਮਿਲ ਗਿਆ ਤਾਂ ਫਿਰ ਉਹਨਾ ਦੀ ਪੜਤਾਲ ਤੇ ਫਿਰ ਵਾਪਸੀ ਕਿਵੇਂ ਹੋਵੇਗੀ?

ਆਧਾਰ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਦਾ ਬਹੁਮਤ ਫੈਸਲਾ ਬੇਹੱਦ ਮਹੱਤਵਪੂਰਨ ਹੈ, ਜਿਸ ਵਿੱਚ ਜਸਟਿਸ ਚੰਦਰਚੂੜ ਦੀ ਅਸਹਿਮਤੀ ਟਿਪਣੀ ਨੂੰ ਸ਼ਾਨਦਾਰ ਅਦਾਲਤੀ ਅਸਹਿਮਤੀ ਟਿਪਣੀ ਦੇ ਤੌਰ ਤੇ ਦਰਜ਼ ਕੀਤਾ ਗਿਆ। ਇਸ ਅਸਹਿਮਤੀ ਨੇ ਨਾ ਕੇਵਲ ਭਵਿੱਖ ਵਿੱਚ ਅਦਾਲਤ ਦਾ ਰੁਖ ਤਹਿ ਕਰ ਦਿੱਤਾ ਹੈ, ਬਲਕਿ ਉਹਨਾ ਲੋਕਾਂ ਲਈ ਇਹ ਉਮੀਦ ਵੀ ਪੈਦਾ ਕੀਤੀ ਹੈ, ਜਿਹਨਾ ਦਾ ਤਰਕ ਹੈ ਕਿ ਆਧਾਰ ਦਾ ਮੌਜੂਦਾ ਸਰੂਪ ਵੈਧਾਨਿਕ ਨਹੀਂ ਹੈ।

# ਆਈ. ਬੀ. ਓ. ਕਨੇਡਾ ਦੀ 18ਵੀਂ ਵਰ੍ਹੇਗੰਢ ਤੇ ਸੰਸਥਾ ਦੇ ਪਹਿਲੇ ਚੇਅਰਮੈਨ ਮਾਸਟਰ ਦਲੀਪ ਸਿੰਘ ਗੱਡੂ ਨੂੰ ਯਾਦ ਕੀਤਾ

**ਸਰੀ (ਕੈਨੇਡਾ)-** ਬੀਤੇ ਦਿਨੀਂ ਅੰਤਰਰਾਸ਼ਟਰੀ ਬਹੁਜਨ ਸੰਸਥਾ ਦੀ ਹੰਗਾਮੀ ਮੀਟਿੰਗ ਸਰੀ ਵਿਖੇ ਰੱਖੀ ਗਈ। ਜਿਸ ਵਿੱਚ ਬਹੁਜਨ ਸਮਾਜ ਦੇ ਭਖਦੇ ਮਸਲੇ ਵਿਚਾਰੇ ਗਏ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸੰਸਥਾ ਦੇ ਪ੍ਰਧਾਨ ਇੰਜ. ਜੀ.ਡੀ. ਗੱਡੂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਯਾਦ ਕਰਨ ਉਪਰੰਤ ਸਮੂਹ ਗੁਰੂਆਂ ਨੂੰ ਯਾਦ ਕਰਨ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਉਤਸਵ ਤੇ ਸਮੁੱਚੀ ਲੁਕਾਈ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਨ ਉਪਰੰਤ ਸੰਸਥਾ ਦੇ ਸਮੂਹ ਮੈਂਬਰਾਂ ਨੂੰ ਬਹੁਜਨ ਸਮਾਜ ਦੀ ਬਿਹਤਰੀ ਲਈ ਇਕੱਠੇ ਹੋਣ ਦਾ ਸੱਦਾ ਦਿੱਤਾ। ਮੀਟਿੰਗ ਵਿੱਚ ਭਾਰਤ ਦੇ ਸੂਬੇ ਪੰਜਾਬ ਦੇ ਜਿਲ੍ਹਾ ਹੁਸ਼ਿਆਰਪੁਰ ਤੋਂ ਬਹੁਜਨ ਸਮਾਜ ਪਾਰਟੀ ਦੀ ਟਿਕਟ ਤੇ ਪੰਜਾਬ ਅਸੈਂਬਲੀ ਵਾਸਤੇ ਚੋਣ ਲੜ ਚੁੱਕੇ ਸ਼੍ਰੀਮਾਨ ਸੁਰਿੰਦਰ ਸੰਧੂ ਦੇ ਮੀਟਿੰਗ ਵਿੱਚ ਪਹੁੰਚਣ ਉਪਰੰਤ ਵਿਸ਼ੇਸ਼ ਤੌਰ ਸਨਮਾਨ ਕਰਨ ਦੇ ਨਾਲ-ਨਾਲ ਬਾਈ ਸਾਲ ਪਹਿਲਾਂ 1996 ਦੇ ਅੰਦਰ ਇੰਜ. ਜੀ. ਡੀ. ਗੱਡੂ ਨੂੰ ਮਾਨਿਆਵਾਰ ਸਾਹਿਬ ਕਾਂਸ਼ੀਰਾਮ ਵਲੋਂ ਹੁਸ਼ਿਆਰਪੁਰ ਤੋਂ ਆਪਣੇ ਮੈਂਬਰ ਪਾਰਲੀਮੈਂਟ ਲਈ ਨੌਮੀਨੇਸ਼ਨ ਭਰਨ ਵੇਲੇ ਲੱਗ ਭੱਗ 5000 ਬਹੁਜਨ ਸਮਾਜ ਦੇ ਵਰਕਰਾਂ ਨਾਲ ਮਾਨਿਆਵਾਰ ਸਾਹਿਬ ਕਾਂਸ਼ੀਰਾਮ ਜੀ ਅਤੇ ਪੰਜਾਬ ਦੀ





ਸਮੁੱਚੀ ਲੀਡਰਸ਼ਿਪ ਦੀ ਅਗਵਾਈ ਵਿੱਚ ਇੰਜ. ਸੁਰਿੰਦਰ ਸੰਧੂ ਦੇ ਹੁਸ਼ਿਆਰਪੁਰ ਵਾਲੇ ਗਰਹਿ ਵਿਖੇ ਪ੍ਰੀਤੀ ਭੋਜ ਕਰਨ ਵੇਲੇ ਬਿਤਾਏ ਇਤਿਹਾਸਿਕ ਪਲਾਂ ਨੂੰ ਸਾਂਝੇ ਕਰਨ ਉਪਰੰਤ ਇੰਜ. ਸੁਰਿੰਦਰ ਸੰਧੂ ਦਾ ਆਈ. ਬੀ. ਓ. ਕਨੇਡਾ ਵਿੱਚ ਦਾਖਲੇ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ। ਉਪਰੰਤ ਆਈ. ਬੀ. ਓ. ਕਨੇਡਾ ਦੀ 18ਵੀਂ ਵਰ੍ਹੇਗੰਢ ਤੇ ਸੰਸਥਾ ਦੇ ਪਹਿਲੇ ਚੇਅਰਮੈਨ ਮਾਸਟਰ ਦਲੀਪ ਸਿੰਘ ਗੱਡੂ ਜੀ ਨੂੰ ਜੋ ਉੱਤਰੀ ਭਾਰਤ ਦੇ ਮੁਲਾਜਮ ਸੰਘ ਦੇ ਮੋਢੀ ਅਤੇ ਮੌਜੂਦਾ ਆਈ. ਬੀ. ਓ. ਕਨੇਡਾ ਦੇ ਪ੍ਰਧਾਨ ਇੰਜ. ਜੀ.ਡੀ. ਗੱਡੂ ਦੇ ਪਿਤਾ ਜੀ ਨੂੰ ਵਿਸ਼ੇਸ਼ ਤੌਰ ਤੇ ਯਾਦ ਕਰਨ ਦੇ ਨਾਲ-ਨਾਲ ਬਾਮਸੇਫ ਦੇ ਉੱਘੇ ਵਰਕਰ ਰਾਜੂ ਕਾਂਬਲੇ ਨੂੰ ਯਾਦ ਕਰਨ ਉਪਰੰਤ ਸੰਸਥਾ ਦੇ ਪ੍ਰਧਾਨ ਨੇ ਪ੍ਰੈਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਈ. ਬੀ. ਓ. ਕਨੇਡਾ ਪਹਿਲੇ ਚੇਅਰਮੈਨ ਮਾਸਟਰ ਦਲੀਪ ਸਿੰਘ ਗੱਡੂ ਅਤੇ ਰਾਜੂ ਕਾਂਬਲੇ ਵਲੋਂ ਬਹੁਜਨ ਸਮਾਜ ਪ੍ਰਤੀ ਨਿਭਾਈਆਂ ਜ਼ਿੰਮੇਵਾਰੀਆਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

ਅੱਜ ਦੇ ਇਸ ਵਿਸ਼ੇਸ਼ ਮੌਕੇ ਤੇ ਸੰਸਥਾ ਦੇ ਮੈਂਬਰਾਂ ਦੇ ਨਾਲ ਆਈ. ਬੀ. ਓ. ਕਨੇਡਾ ਦੇ ਚੇਅਰਮੈਨ ਹੰਸਰਾਜ ਸੁੰਡਾ, ਇੰਜ. ਜੀ.ਡੀ. ਗੱਡੂ, ਮਨਜੀਤ ਸੁੰਡਾ, ਸੁਰਜੀਤ ਬੈਂਸ, ਕੁਲਦੀਪ ਕੁਮਾਰ, ਬਲਜੀਤ ਭਟੋਆ, ਬਲਜੀਤ ਸਿੰਘ, ਅਨੀਤਾ ਬੰਗੜ, ਜਸਬੀਰ ਪੁਬਾਰ, ਬਲਜੀਤ ਜੱਸਲ, ਮਨਿੰਦਰ ਰੱਤੂ, ਮਹਿੰਦਰ ਮਹਿਮੀ, ਇੰਜ. ਸੁਰਿੰਦਰ ਸੰਧੂ, ਕਨੇਡਾ ਦੇ ਉੱਘੇ ਬਿਜਨੈਸਮੈਨ ਕਸ਼ਮੀਰ ਸਿੰਘ ਅਤੇ ਹੋਰ ਬਹੁਤ ਸਾਰੇ ਸਾਥੀਆਂ ਨੇ ਆਪਣੀ ਹਾਜ਼ਰੀ ਲਗਵਾਈ। ਅੰਤ ਵਿੱਚ ਆਪਣੇ ਸੰਦੇਸ਼ ਵਿੱਚ ਬੋਲਦਿਆਂ ਸੰਸਥਾ ਦੇ ਪ੍ਰਧਾਨ ਇੰਜ. ਜੀ.ਡੀ. ਗੱਡੂ ਬਹੁਜਨ ਸਮਾਜ ਦੇ ਨਾਲ ਵਿਸ਼ੇਸ਼ ਵਰਗ ਦੇ ਧਾਰਮਿਕ ਆਗੂਆਂ ਪ੍ਰਤੀ ਵਿਰੋਧੀ ਤਾਕਤਾਂ ਨੂੰ ਮਾਤ ਪਾਉਣ ਲਈ ਬਹੁਜਨ ਦੇ ਬਾਨੀ ਮਾਨਿਆਵਾਰ ਸਾਹਿਬ ਕਾਂਸ਼ੀਰਾਮ ਦੁਆਰਾ ਚਲਾਏ ਗਏ ਸਮਾਜਿਕ ਵਿਵਸਥਾ ਦੇ ਮਿਸ਼ਨ ਅੰਤਰਰਾਸ਼ਟਰੀ ਪੱਧਰ ਤੇ ਜਾਗਰੂਕ ਕਰਨ ਦਾ ਸੰਦੇਸ਼ ਦੇਣ ਦੇ ਨਾਲ-ਨਾਲ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੁਆਰਾ ਬਣਾਏ ਗਏ ਰਾਜਨੀਤਿਕ ਗ੍ਰੰਥ ਭਾਰਤ ਦੇ ਸੰਵਿਧਾਨ ਤੇ ਪਹਿਰਾ ਦੇਣ ਦੇ ਨਾਲ-ਨਾਲ ਪੈਰੀਅਰ ਰਾਮਾਸੁਆਮੀ, ਮਹਾਤਮਾ ਜੋਤੀ ਫੂਲੇ, ਬਹੁਜਨ ਸਮਾਜ ਪਾਰਟੀ ਦੇ ਬਾਨੀ ਸਾਹਿਬ ਕਾਂਸ਼ੀਰਾਮ, ਕੁਮਾਰੀ ਮਾਇਆਵਤੀ, ਅਜ਼ਾਦੀ ਘੁਲਾਟੀਏ ਰਾਸ਼ਟਰਪਿਤਾ ਬਾਬੂ ਮੰਗੂਰਾਮ ਮੁੱਗੋਵਾਲੀਆ, ਉਪਰੰਤ ਗੁਰੂਆਂ ਵਲੋਂ ਬਹੁਜਨ ਸਮਾਜ ਪ੍ਰਤੀ ਲਗਭਗ 600 ਸਾਲਾਂ ਦੇ ਇਤਿਹਾਸ/ਰੈਫਰੈਨਡੰਮ ਤੇ ਵੀ ਪਹਿਰਾ ਦੇਣ ਦੀ ਅਪੀਲ ਕਰਨ ਉਪਰੰਤ ਸਮਾਜ ਅੰਦਰ ਵੱਖਵਾਦੀ ਤਾਕਤਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।

# Swachh Bharat – Remembering Mahatma Gandhi

Today is October 2, birth anniversary of Mahatma Gandhi. With a view to pay befitting tributes to the Mahatma, PM Narendra Modi started a well-meaning programme on the day in 2014 – Swachh Bharat Abhiyan i.e. Clean India Campaign. There should be no hesitation in admitting that India is one of the dirtiest countries in the world. It is a matter of shame for all of us. It is well documented that Mahatma Gandhi realized the importance and need of cleanliness and he even said, "Sanitation is more important than independence." He also said, "Everybody must be his own scavenger." We Indians also boast of a people of culture and lofty traditions. How come then India remained one of the dirtiest countries? These issues need to be addressed. PM Modi's government tried to flag the issue through the Swachh Bharat Abhiyan and rightly so. The government has also claimed that good work has been done in this regard. The target was to make 90 million toilets by October 2019, the 150th birth anniversary of Mahtma Gandhi to end the dirty and uncivilized practice of open defecation. Yes, some progress has been registered and is visible on ground. But most of the activities and programmes, unfortunately, remained cosmetic and photo opportunities. It is a matter of regret. PM Narendra Modi's expectations made at the launch of Swachh Bharat Abhiyan in 2014 mostly remained on paper. He said,"I am sure you have heard time and again that cleanliness is next to godliness. Alas, things are often different when it comes to putting this into practice." It is a national shame that still every year more than 300 safai karamcharis die cleaning gutters and sewers. It is pertinent to add that much more needs to be done not only by the governments but also by 'We the people' - the civic society at large.

Why the cleanliness campaign of Mahatma Gandhi in good old days and now of PM Narendra Modi could not take off as it should have? The reasons are obvious. The visible and immediately noticeable reasons are, of course, poverty, illiteracy and under development, India being a poor and developing country. We need to set our priorities and watch the pace of economic development and overall wellness of the society. The real reasons, to my mind, are deep rooted in our history and tradition and even religion which justify and glorify the dirty work of manual scavenging under the garb and pretext of Manuwadi dictums of caste system. On one hand Mahatma Gandhi said that one shall be one's own scavenger and on the other glorified the caste sanctioned manual scavenging as "sacred". I don't understand 'How sacred is this work of scavenging?' PM Narendra Modi also termed it as "experience in spirituality". Yes, it may be true for those who are not condemned to do and undertake this most inhuman and degrading activity but not for those who are made to do it to earn their livelihood and live a wretched life. We often succumb to the ritual of discussing Swachh Bharat in the august houses of parliament and legislatures and talk of Millennium Goals from the high tables of the UN. The real problems are often side-tracked under the pretext of tradition and social cohesion as ordained in the texts justifying the caste system. Swachh Bharat Abhiyan is much needed and must be supported whole heartedly. Let us start it with sincerity and will both on the part of the governments and the society:-



- Hit the caste system. Swachh Bharat is not the responsibility of the Safai Karamcharis (sanitation workers) only mostly belonging to the Scheduled Castes of Valmiki extraction.
- Stop justifying or glorifying this dirty work of manual scavenging as 'sacred' or 'experience in spirituality'. It is the most degrading and inhuman work. Let us start this sacred work and get the experience in spirituality right from our own homes without waiting for the Safaiwalas who otherwise are not even allowed to drink and eat in the house. As PM Narendra Modi himself said, "The dream of swacchata cannot be achieved even if 100 Mahatma Gandhis or 1,000 Narendra Modis or even all the CMs and governments come together, but if 125 crore Indians come together that dream can be easily fulfilled." The organizations like RSS and SGPC, among other, need to involve themselves in this huge task to change the societal 'mind set' that safai is required to be done by socalled Bhangis and Valmikis alone.



**Ramesh Chander**
Ambassador Rtd. IFS

- Take remedial measures to end and stop almost 100 percent reservation in posts of Safai Karamcharis. The votaries of 'No Reservation on the basis of caste", the so called General Samaj or Upper Castes, shall get their due and rightful share in these posts. Otherwise they should stop crying from the house-tops against the caste based reservations.
- We have made many successful strides in technology and science. Why aren't our technicians and scientists encouraged to develop cost effective mechanical or electronic equipment to clean the gutters and sewerages? Why don't our local bodies tend use the already existing technology to carry out the dirty work, thus relieving the safai karamcharis from such degrading and inhuman jobs?

Provide safety gears and sensors for toxic fumes to safai karamcharis to make their job somewhat less hazardous. Invest and make appropriate budgetary allocations to address these issues. Mere lip service will not do.

With this I pay my tributes to Mahatma Gandhi on his birth anniversary and wish Swachh Bharat Abhiyan further success.


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# 'ਕਿਉਂ ਇਤਨੇ ਪਰੇਸ਼ਾਂ ਹੈਂ ਸ਼ੀਸ਼ੇ ਕੇ ਮਕਾਂ ਵਾਲੇ'

– ਪ੍ਰੋ: ਕੁੰਵਰਪਾਲ ਸਿੰਘ
ਅਨੁਵਾਦ – ਕੇਹਰ ਸ਼ਰੀਫ਼

ਰਾਹੀ ਮਾਸੂਮ ਰਜ਼ਾ ਦਾ ਸਾਰਾ ਸਾਹਿਤ ਹਿੰਦੁਸਤਾਨੀ ਸੱਭਿਅਤਾ ਅਤੇ ਸੱਭਿਆਚਾਰ ਦੀ ਸਾਂਝੀ ਵਿਰਾਸਤ ਦਾ ਸਾਹਿਤ ਹੈ। ਰਾਹੀ ਸਦਾ ਹੀ ਉਨ੍ਹਾਂ ਤਾਕਤਾਂ ਅਤੇ ਪ੍ਰਵਿਰਤੀਆਂ ਦਾ ਵਿਰੋਧ ਕਰਦੇ ਰਹੇ ਜੋ ਸਾਡੀ ਏਕਤਾ ਨੂੰ ਧਰਮ, ਫਿਰਕਾ, ਖੇਤਰ ਅਤੇ ਭਾਸ਼ਾ ਦੇ ਨਾਮ ਉੱਤੇ ਵੰਡਣ ਦਾ ਯਤਨ ਕਰਦੀਆਂ ਹਨ। ਇਸਦੇ ਨਾਲ ਹੀ ਉਨ੍ਹਾਂ ਨੇ ਆਉਣ ਵਾਲੇ ਨਵੇਂ ਸਮਾਜ ਦੀ ਧੜਕਨ ਨੂੰ ਵੀ ਬੋਲ ਅਤੇ ਸ਼ਬਦ ਦਿੱਤੇ। ਜਗੀਰਦਾਰੀ ਅਤੇ ਪੂੰਜੀਵਾਦੀ ਸਮਾਜ ਜੀਵਨ ਸ਼ਕਤੀ ਗੁਆ ਚੁੱਕਾ ਹੈ। ਇਸਦੇ ਕੋਲ ਸਮਾਜ ਨੂੰ ਦੇਣ ਵਾਸਤੇ ਕੋਈ ਭਵਿੱਖ ਨਹੀਂ ਹੈ। ਇਹ ਵਰਤਮਾਨ ਨੂੰ ਵੀ ਗੰਗਾ ਦੀ ਤਰਾਂ ਪ੍ਰਦੂਸ਼ਤ (ਗੰਦਾ) ਕਰ ਰਿਹਾ ਹੈ। ਰਾਹੀ ਨੇ ਆਪਣੀਆਂ ਕਵਿਤਾਵਾਂ ਲੇਖਾਂ ਅਤੇ ਨਾਵਲਾਂ ਵਿਚ ਭਾਰਤ ਦੇ ਇਸ ਦੁਖਾਂਤ ਦਾ ਚਿਤਰਣ ਕੀਤਾ ਹੈ। ਆਪਣੇ ਪ੍ਰਸਿੱਧ ਨਾਵਲ 'ਆਧਾ ਗਾਂਵ' ਵਿਚ ਰਾਹੀ ਨੇ ਇਹ ਸਪਸ਼ਟ ਕੀਤਾ ਕਿ ਧਰਮ ਰਾਸ਼ਟਰ ਨਹੀ ਹੁੰਦਾ 'ਇਸਲਾਮ ਇਕ ਧਰਮ ਹੈ ਪਰ ਰਾਸ਼ਟਰ ਨਹੀ'। ਕੌਮ ਅਤੇ ਧਰਮ ਨੂੰ ਇਕ ਸਮਝਣਾਂ ਇਤਿਹਾਸ ਵਿਰੋਧੀ ਪ੍ਰਵਿਰਤੀ ਜਾਂ ਝੂਠੀ ਚੇਤਨਾ ਹੈ। ਇਸਦੇ ਅਧਾਰ ਤੇ ਜੋ ਵੀ ਰਾਜਨੀਤੀ ਕੀਤੀ ਜਾਵੇਗੀ ਉਸਦੇ ਮਨੁਖਤਾ ਵਿਰੋਧੀ ਅਤੇ ਭੈੜੇ ਸਿੱਟੇ ਹੀ ਨਿਕਲਣਗੇ। ਰਾਹੀ ਨੇ 1964 ਵਿਚ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਪਾਕਿਸਤਾਨ ਦੀ ਬੁਨਿਆਦ ਇਤਿਹਾਸ ਦੀ ਧਾਰਾ ਦੇ ਵਿਰੋਧ ਵਿਚ ਰੱਖੀ ਗਈ ਸੀ, ਇਸ ਕਰਕੇ ਇਸ ਦਾ ਟੁੱਟਣਾ ਅਟੱਲ ਹੈ। ਉਸ ਸਮੇਂ (1966) ਕਿਸੇ ਨੇ ਵੀ ਰਾਹੀ ਦੇ ਕਹੇ ਤੇ ਯਕੀਨ ਨਹੀਂ ਕੀਤਾ ਸੀ ਅਤੇ ਕੁੱਝ ਲੋਕਾਂ ਨੇ ਤਾਂ ਇਸਦੀ ਅੰਨ੍ਹੀ ਰਾਸ਼ਟਰਭਗਤੀ ਨਾਲ ਤੁਲਨਾ ਕੀਤੀ ਸੀ। 1971 ਵਿਚ ਜਦੋ ਬੰਗਲਾਦੇਸ਼ ਦਾ ਮੁਕਤੀ ਸੰਗਰਾਮ ਸ਼ੁਰੂ ਹੋਇਆ ਉਦੋਂ ਰਾਹੀ ਬਹੁਤ ਖੁਸ਼ ਸਨ ਉਨਾਂ ਨੇ ਇਕ ਖ਼ਤ ਵਿਚ ਮੈਨੂੰ ਲਿਖਿਆ 'ਦੇਖਿਉ ਪਾਕਿਸਤਾਨ ਦੇ ਉਰਦੂ ਭਾਸ਼ੀ ਲੋਕ ਵੱਖਰੇ ਮੁਲਕ ਦੀ ਮੰਗ ਕਰਨਗੇ ਅਤੇ ਇਹ ਕਹਿਣਗੇ ਕਿ ਅਸੀਂ ਤਾਂ ਪਾਕਿਸਤਾਨ ਦੀ ਪੰਜਵੀ ਕੌਮੀਅਤ ਹਾਂ। ਇਤਿਹਾਸ ਸਭ ਨੂੰ ਸਬਕ ਸਿਖਾਉਂਦਾ ਹੈ, ਅਤੇ ਪਾਕਿਸਤਾਨ ਦੇ ਉਰਦੂ ਭਾਸ਼ੀ ਲੋਕ ਜਿਨ੍ਹਾਂ ਨੇ ਕੌਮ ਅਤੇ ਧਰਮ ਨੂੰ ਰਲਗਡ ਕੀਤਾ ਹੈ ਆਪਣੇ ਹੀ ਬਣਾਏ ਹੋਏ ਸਵਰਗ ਵਿਚ ਅਜਨਬੀ ਸ਼ਰਨਾਰਥੀਆਂ ਵਾਂਗ ਰਹਿਣਗੇ।' ਰਾਹੀ ਦੀਆਂ ਦੋਵੇਂ ਗੱਲਾਂ ਸੱਚ ਸਾਬਤ ਹੋਈਆਂ, ਇਤਿਹਾਸ ਨੇ ਭੁੱਲ ਨੂੰ ਸੋਧਿਆ। ਬੰਗਲਾਦੇਸ਼ ਦਾ ਅਧਾਰ ਬੰਗਾਲੀ ਕੌਮੀਅਤ ਸੀ ਇਸਲਾਮ ਨਹੀਂ ਸੀ, ਅਤੇ ਪਾਕਿਸਤਾਨ ਦੇ ਉਰਦੂ ਭਾਸ਼ੀ ਲੋਕ ਜਿਨ੍ਹਾਂ ਨੇ ਕਦੀ ਧਰਮ ਦੇ ਅਧਾਰ 'ਤੇ ਕੌਮ ਦੇ ਭਵਨ ਦਾ ਨਿ-ਰਮਾਣ ਕੀਤਾ ਸੀ ਅੱਜ ਉਹ ਮੁਹਾਜ਼ਿਰ ਬਣਕੇ ਉਰਦੂ ਭਾਸ਼ਾ ਅਤੇ ਆਪਣੇ ਸੱਭਿਆਚਾਰ ਦੀ ਰਾਖੀ ਦੀ ਮੰਗ ਕਰ ਰਹੇ ਹਨ. ਸਿੰਧੀ ਅਤੇ ਪਖਤੂਨ ਵੀ ਆਪਣੀ ਭਾਸ਼ਾ ਅਤੇ ਸੱਭਿਆਚਾਰ ਦੀ ਰੱਖਿਆ ਕਰਨ ਦੀ ਦੁਹਾਈ ਦੇ ਰਹੇ ਹਨ. 'ਦਿਲ ਏਕ ਸਾਦਾ ਕਾਗਜ਼' (1976) ਵਿਚ ਰਾਹੀ ਨੇ ਇਨਾਂ ਸੱਭਿਆਚਾਰਕ ਸਵਾਲਾਂ ਉੱਤੇ ਵਿਸਥਾਰ ਨਾਲ ਚਰਚਾ ਕੀਤੀ ਹੈ। ਸੱਭਿਆਚਾਰਕ ਸਵਾਲਾਂ ਨੂੰ ਉਹ ਬਹੁਤ ਗੰਭੀਰਤਾ ਨਾਲ ਵਿਚਾਰਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਸੱਭਿਆਚਾਰ ਕਦੇ ਵੀ ਫਿਰਕਾਪ੍ਰਸਤ ਨਹੀ ਹੁੰਦਾ। ਧਰਮ ਅਤੇ ਰਾਜਨੀਤੀ ਦੇ ਧੰਦੇ ਦਾ ਰਾਹੀ ਨੇ ਆਪਣੇ ਖ਼ਤਾਂ, ਲੇਖਾਂ ਅਤੇ ਨਾਵਲਾਂ ਵਿਚ ਖੁੱਲ ਕੇ ਮਜ਼ਾਕ ਉਡਾਇਆ ਹੈ। ਉਨਾਂ ਨੇ ਇਕ ਥਾਂ ਲਿਖਿਆ ਹੈ ਕਿ "ਆਧੁਨਿਕ ਭਾਰਤ ਅੰਦਰ ਇਹ ਤੈਅ ਕਰਨਾ ਮੁਸ਼ਕਿਲ ਹੈ ਕਿ ਧਰਮ ਵੱਡਾ ਵਿਉਪਾਰ ਹੈ ਜਾਂ ਰਾਜਨੀਤੀ, ਪਰੰਤੂ ਦੋਹਾਂ ਵਿਉਪਾਰਾਂ ਵਿਚ ਪੈਸਾ ਸਮਗਲਿੰਗ ਤੋ ਵੀ ਜ਼ਿਆਦਾ ਹੈ। ਇਸ ਕਰਕੇ ਹੀ ਜਿਸਨੂੰ ਵੀ ਦੇਖੋ ਉਹ ਹੀ ਰਾਜਨੀਤੀ ਅਤੇ ਧਰਮ ਦੇ ਧੰਦੇ ਵਿਚ ਜਾਣ ਵਾਸਤੇ ਕਾਹ.ਲਾ ਹੈ।"

ਰਾਹੀ ਅਜੋਕੇ ਰਾਜਨੀਤੀਵਾਨਾਂ ਦੀਆਂ ਵਿਅਕਤੀਵਾਦੀ ਪ੍ਰਵਿਰਤੀਆ ਅਤੇ ਪਰਿਵਾਰਵਾਦ ਦੀ ਨਿੰਦਾ ਕਰਦੇ ਹਨ। ਸਾਡੇ ਰਾਜਸੀ ਨੇਤਾ ਸਿਰਫ ਅੱਜ ਵਿਚ ਜੀਉਂਦੇ ਹਨ। ਦੇਸ਼ ਦੇ ਭਵਿੱਖ ਦਾ ਉਨ੍ਹਾਂ ਕੋਲ ਕੋਈ ਨਕਸ਼ਾ ਨਹੀ ਹੈ। ਪਰਿਵਾਰਵਾਦ, ਜਗੀਰਦਾਰੀ ਦੀ ਪਹਿਲੀ ਪਹਿਚਾਣ ਹੈ। ਇਹ ਲੋਕਤੰਤਰ ਵਿਰੋਧੀ ਹੈ। ਪਰ, ਸਾਡੇ ਕੌਮੀ ਅਤੇ ਸੂਬਾਈ ਨੇਤਾ ਅਪਣੇ ਪੁੱਤਾਂ-ਧੀਆਂ ਨੂੰ ਆਪਣੇ ਜੀਊਂਦੇ ਜੀਅ ਹੀ ਜਾਨਸ਼ੀਨ ਬਨਾਉਣ ਵਿਚ ਲੱਗੇ ਹੋਏ ਹਨ। ਕੁੱਝ ਨੇਤਾਵਾਂ ਦਾ ਪਤਨੀ ਪ੍ਰੇਮ ਵੀ ਕੁੱਝ ਜ਼ਿਆਦਾ ਹੀ ਵਧ ਗਿਆ ਹੈ। ਭ੍ਰਿਸ਼ਟਾਚਾਰ ਦਾ ਇਕ ਕਾਰਨ ਪਰਿਵਾਰ ਤੰਤਰ ਵੀ ਹੈ। ਅੱਜ ਤੱਕ ਕਿਸੇ ਮਹਾਨ ਰਚਨਾਕਾਰ ਦਾ ਪੁੱਤਰ ਜਾਂ ਧੀ ਪਿਉ ਦੇ ਮੋਢਿਆਂ 'ਤੇ ਚੜਕੇ ਵੱਡਾ ਲੇਖਕ ਨਹੀ ਬਣਿਆਂ। ਪ੍ਰੇਮ ਚੰਦ, ਇਕਬਾਲ, ਮਕਬੂਲ ਫ਼ਿਦਾ ਹੁਸੈਨ ਇਸ ਦੀਆਂ ਮਿਸਾਲਾਂ ਹਨ। ਵਿਗਿਆਨ ਦੇ ਖੇਤਰ ਵਿਚ ਵੀ ਇਹ ਧਾਂਦ.ਲੀ ਨਹੀ ਚੱਲਦੀ। ਇਹ ਕੰਮ ਤਾਂ ਵਿਉਪਾਰ ਅਤੇ ਰਾਜਨੀਤੀ ਵਿਚ ਹੀ ਸੰਭਵ ਹੈ। ਇਹ ਨਵੀਂ ਕਿਸਮ ਦਾ ਪ੍ਰੋਹਤਵਾਦ ਹੈ। ਰਾਹੀ ਦੁਖੀ ਹੋ ਕੇ ਕਹਿੰਦੇ ਹਨ ਕਿ ਆਧੁਨਿਕ ਯੁੱਗ ਵਿਚ ਮੱਧ ਯੁੱਗ ਆਇਆ ਹੈ। "ਰਾਜੇ ਦਾ ਪੁੱਤ ਰਾਜਾ, ਮੰਤਰੀ ਦਾ ਪੁੱਤਰ ਮੰਤਰੀ, ਪ੍ਰਧਾਨ ਮੰਤਰੀ ਦਾ ਪੁੱਤਰ ਪ੍ਰਧਾਨ ਮੰਤਰੀ।"

ਰਾਹੀ ਨੂੰ ਆਪਣੇ ਹਿੰਦੁਸਤਾਨੀ ਹੋਣ ਦਾ ਬਹੁਤ ਮਾਣ ਹੈ। ਉਹਨੇ ਇਕ ਖ਼ਤ ਅਡਵਾਨੀ ਜੀ ਨੂੰ ਲਿਖਿਆ ਸੀ ਕਿ "ਅਡਵਾਨੀ ਜੀ ਤੁਸੀਂ ਪਾਕਿਸਤਾਨੀ ਹੋ (ਪਾਕਿਸਤਾਨ ਬਣਨ ਤੋਂ ਬਾਅਦ ਸਿੰਧ ਤੋਂ ਭਾਰਤ ਆਏ ਸਨ) ਮੇਰੇ ਬਾਪ-ਦਾਦਾ ਸ਼ੁੱਧ ਗੰਗਾ ਦੇ ਕੰਢੇ ਰਹਿਣ ਵਾਲੇ ਹਨ। ਮੇਰੀ ਪਹਿਚਾਣ ਇਕ ਹਿੰਦੁਸਤਾਨੀ ਮੁਸਲਮਾਨ ਦੀ ਹੈ।" ਰਾਹੀ ਗੰਗਾ ਨੂੰ ਸਦਾ ਹੀ ਦੂਜੀ ਮਾਂ ਮੰਨਦੇ ਸਨ। ਇਕ ਮਾਂ ਉਹ ਜਿਸਨੇ ਪੈਦਾ ਕੀਤਾ ਦੂਸਰੀ ਗੰਗਾ। ਉਨ੍ਹਾਂ ਨੇ ਵਸੀਅਤ ਕੀਤੀ ਸੀ (ਜੋ ਪੂਰੀ ਨਹੀਂ ਹੋਈ) ਗੰਗਾ ਦੇ ਇਸ ਪੁੱਤਰ ਨੂੰ ਮੌਤ ਤੋਂ ਬਾਅਦ ਉਸ ਦੀ ਹੀ ਗੋਦ ਵਿਚ ਸੁਆ ਦੇਣਾ/ ਉਹ ਮੇਰੀ ਮਾਂ ਹੈ/ ਉਹ ਮੇਰੇ ਸ਼ਰੀਰ ਦਾ ਜ਼ਹਿਰ ਪੀ ਲਵੇਗੀ / ਪਰ ਸ਼ਾਇਦ ਵਤਨ ਤੋਂ ਦੂਰ ਇੰਨੀ ਦੂਰ ਮੌਤ ਆਵੇ / ਜਿੱਥੋਂ ਮੈਨੂੰ ਗਾਜ਼ੀਪੁਰ ਲੈ ਜਾਣਾ ਸੰਭਵ ਨਾ ਹੋਵੇ / ਤਾਂ ਫੇਰ ਮੈਨੂੰ / ਜੇ ਉਸ ਸ਼ਹਿਰ ਵਿਚ ਕੋਈ ਛੋਟੀ ਜਹੀ ਕੋਈ ਨਦੀ ਵੀ ਵਗਦੀ ਹੋਵੇ / ਤਾਂ ਮੈਨੂੰ ਉਸਦੀ ਗੋਦ ਵਿਚ ਸੁਆ ਕੇ ਉਸਨੂੰ ਕਹਿ ਦੇਣਾ ਕਿ ਇਹ ਗੰਗਾ ਦਾ ਪੁੱਤਰ ਅੱਜ ਤੋਂ ਤੇਰੇ ਹਵਾਲੇ ਹੈ।

ਰਾਹੀ ਨੂੰ ਇਹ ਵਿਚਾਰ ਬਹੁਤ ਦੁਖੀ ਕਰਦਾ ਹੈ ਕਿ ਕਾਲਜਾਂ, ਯੂਨੀਵਰਸਿਟੀਆਂ ਦੀ ਗਿਣਤੀ ਵਧ ਰਹੀ ਹੈ ਪਰੰਤੂ ਤਰਕ ਅਤੇ ਬੁੱਧੀ ਗਾਇਬ ਹੋ ਰਹੇ ਹਨ। ਬਹੁਗਿਣਤੀ ਦੇ ਵਿਚਾਰ, ਉਹ ਵੀ ਦਲੀਲ ਰਹਿਤ ਕਿਸੇ ਘੱਟ ਗਿਣਤੀ 'ਤੇ ਨਹੀ ਥੋਪੇ ਜਾ ਸਕਦੇ। ਰਾਹੀ ਸਪਸ਼ਟ ਕਰਦੇ ਹਨ ਕਿ ਸਭ ਤੋ ਵੱਡਾ ਹੈ ਦੇਸ਼, ਉਸ ਦੀ ਏਕਤਾ, ਆਪਸੀ ਮਿਲਵਰਤਣ ਅਤੇ ਭਾਈਚਾਰਾ। ਇਸਦੇ ਰਸਤੇ ਵਿਚ ਜੋ ਵੀ ਰੁਕਾਵਟ ਹੈ ਉਹਨੂੰ ਹਟਾਉਣ ਵਿਚ ਕੋਈ ਸੰਕੋਚ ਨਹੀ ਕਰਨਾ ਚਾਹੀਦਾ। ਉਹ ਲੇਖਕ ਦੀ ਪ੍ਰਤੀਬੱਧਤਾ ਦਾ ਸਵਾਲ ਉਠਾਉਂਦੇ ਹਨ ਅਤੇ ਉਹਦੇ ਵਿਚਾਰਾਂ ਦੀ ਅਜਾਦੀ ਦੀ ਰਾਖੀ ਕਰਨ ਦਾ ਦਮ ਭਰਦੇ ਹਨ। "ਤੁਹਾਨੂੰ ਮੰਦਿਰ ਮਸਜਿਦ ਬਣਾਉਣ ਦਾ ਅਧਿਕਾਰ ਹੈ ਤਾਂ ਮੈਨੂੰ ਇਹ ਵੀ ਅਧਿਕਾਰ ਹੈ ਕਿ ਜਿਹੜੇ ਧਾਰਮਿਕ ਸਥਾਨ ਦੇਸ਼ ਦੀ ਜਨਤਾ ਨੂੰ ਵੰਡਦੇ ਹੋਣ ਉਹ ਭਾਵੇ ਮੰਦਿਰ ਹੋਵੇ ਜਾਂ ਮਸਜਿਦ ਹੋਵੇ ਮੈ ਉਹਨਾਂ ਨੂੰ ਢਾਉਣ ਦੀ ਗੱਲ ਕਰਾਂ।"

ਮੁਸਲਿਮ ਸੱਭਿਆਚਾਰ ਕੀ ਹੈ? ਇਹ ਸੈਮਟਿਕ ਅਰਬੀ ਸੱਭਿਆਚਾਰ ਹੈ ਜਾਂ ਆਰਯਾਈ, ਈਰਾਨੀ ਸੱਭਿਆਚਾਰ ਜਾਂ ਫੇਰ ਦੋਹਾਂ ਦਾ ਮਿਲਗੋਭਾ ਹੈ? ਅਰਬ ਸੱਭਿਆਚਾਰ ਕੁੱਝ ਸਮੇਂ ਦੇ ਉਠਾਣ ਤੋਂ ਬਾਅਦ ਢਿੱਲਾ ਪੈ ਗਿਆ। ਪਰੰਤੂ ਉਸ ਦੀ ਚੜ੍ਹਤ ਦੇ ਸਮੇਂ ਵੀ ਈਰਾਨੀ ਸੱਭਿਆਚਾਰ ਦਾ ਉਸ ਉੱਤੇ ਅਸਰ ਪਿਆ ਸੀ। ਭਾਰਤ ਤੇ ਉਸਦਾ ਬਿਲਕੁਲ ਪ੍ਰਭਾਵ ਨਹੀਂ ਪਿਆ। ਈਰਾਨੀ ਸੰਸਕ੍ਰਿਤੀ ਇਸਲਾਮ ਤੋ ਪਹਿਲਾਂ ਦੀ ਹੈ, ਅਤੇ ਇਹ ਇਤਿਹਾਸ ਦਾ ਇਕ ਵਿਚਾਰਨਯੋਗ ਪ੍ਰਸ਼ਨ ਹੈ ਕਿ ਈਰਾਨੀ ਸੱਭਿਆਚਾਰ ਹਜਾਰਾਂ ਸਾਲਾਂ ਤੋ ਆਪਣੀ ਹੋਂਦ ਰੱਖਦਾ ਹੈ। ਬਿਨਾ ਸ਼ੱਕ ਇਸ ਹੀ ਈਰਾਨੀ ਸੱਭਿਆਚਾਰ ਦਾ ਭਾਰਤ ਤੇ ਅਸਰ ਹੋਇਆ ਅਤੇ ਭਾਰਤ ਨੇ ਵੀ ਉਸ ਉੱਤੇ ਆਪਣਾ ਰੰਗ ਚੜਾਇਆ। ਪਰੰਤੂ ਫੇਰ ਵੀ ਭਾਰਤ ਦਾ ਪ੍ਰਾਚੀਨ ਸੱਭਿਆਚਾਰ ਹੀ ਭਾਰਤ ਅੰਦਰ ਪ੍ਰਧਾਨ ਰਿਹਾ ਅਤੇ ਬਾਹਰ ਵਾਲਿਆਂ ਤੇ ਵੀ ਉਸਦਾ ਅਸਰ ਹੋਇਆ।

**ਇਹ ਰਾਹੀ ਦਾ ਹੀ ਦਿਲ, ਗੁਰਦਾ ਸੀ ਕਿ ਬੰਬਈ ਵਿਚ ਰਹਿ ਕੇ ਠਾਕਰੇ ਅਤੇ ਸ਼ਿਵਸੇਨਾ ਦੇ ਵਿਰੁੱਧ ਦਿੱਲੀ ਦੇ ਅਖਬਾਰਾਂ ਵਿਚ ਹੀ ਨਹੀਂ ਬਲਕਿ ਬੰਬਈ ਦੇ ਰਸਾਲਿਆਂ, ਅਖਬਾਰਾਂ ਵਿਚ ਵੀ ਉਨਾਂ ਨੇ ਨਿਡਰ ਹੋ ਕੇ ਆਪਣੀ ਗੱਲ ਕਹੀ। ਉਨਾਂ ਨੇ ਜਿਸ ਸਿਦਕਦਿਲੀ ਨਾਲ ਅਡਵਾਨੀ ਦੀ ਰੱਥ ਯਾਤਰਾ ਦਾ ਵਿਰੋਧ ਕੀਤਾ ਅਤੇ ਕਿਹਾ "ਕੀ ਤੁਸੀ ਭਗਵਾਨ ਸ਼੍ਰੀ ਕ੍ਰਿਸ਼ਨ ਹੋ? ਰੱਥ ਤੇ ਸਵਾਰ ਤਾਂ ਉਹ ਹੀ ਹੁੰਦੇ ਸਨ, ਤੁਸੀਂ ਕਦੋਂ ਕੁ ਤੋਂ ਭਗਵਾਨ ਬਣ ਗਏ ਹੋ?"**

ਜਦੋਂ ਤੋਂ ਧਰਮ ਸੱਤਾ ਤੱਕ ਪਹੁੰਚਣ ਦਾ ਸਾਧਨ ਬਣ ਗਿਆ ਹੈ ਇਸ ਸਾਂਝੇ ਸੱਭਿਆਚਾਰ ਨੂੰ ਹਾਸ਼ੀਏ ਤੇ ਰੱਖਣ ਦਾ ਹਰ ਪਾਸਿਓਂ ਜਤਨ ਹੋ ਰਿਹਾ ਹੈ। ਅਮੀਰ ਖੁਸਰੋ ਨੂੰ ਇਸਲਾਮ ਦਾ ਆਲਮਬਰਦਾਰ ਅਤੇ ਕਠਮੁੱਲਾ (ਨਕਲੀ ਮੁਲਾ) ਸਿੱਧ ਕੀਤਾ ਜਾ ਰਿਹਾ ਹੈ। ਪ੍ਰੇਮ ਦੇ ਗੀਤ ਲਿਖਣ ਵਾਲੇ ਸੂਫੀਆਂ ਨੂੰ ਇਸਲਾਮ ਦੇ ਪ੍ਰਚਾਰਕ ਸਿੱਧ ਕੀਤਾ ਜਾ ਰਿਹਾ ਹੈ। ਜੋ ਦਰਗਾਹਾਂ ਹਿੰਦੂ-ਮੁਸਲਿਮ ਭਾਈਚਾਰਿਆਂ ਵਾਸਤੇ ਮਿਲਣ ਦੇ ਸਥਾਨ ਰਹੇ ਹਨ ਉਨਾਂ ਬਾਰੇ ਝੂਠੇ ਪ੍ਰਚਾਰ ਦੀ ਲਹਿਰ ਜਾਰੀ ਹੈ। ਹੌਲੀ ਹੌਲੀ ਮੁਸਲਮਾਨ ਲੇਖਕਾਂ ਤੇ ਕਵੀਆਂ ਨੂੰ ਪਾਠਕ੍ਰਮਾਂ ਤੋਂ ਵਿਦਾ ਕੀਤਾ ਜਾ ਰਿਹਾ ਹੈ। ਰਹੀਮ ਅਤੇ ਰਸਖਾਨ ਹੁਣ ਸਾਡੇ ਪਾਠਕ੍ਰਮਾਂ ਵਿਚ ਘੱਟ ਹੀ ਦਿਖਾਈ ਦਿੰਦੇ ਹਨ। ਰਾਹੀ ਇਸ ਪ੍ਰਵਿਰਤੀ ਤੋ ਦੁਖੀ ਹੋ ਕੇ ਸਵਾਲ ਪੁੱਛਦੇ ਹਨ, ਕੀ ਰਸਖਾਨ ਦਾ ਨਾਮ ਕੱਟਕੇ ਕ੍ਰਿਸ਼ਨ ਭਗਤੀ-ਕਾਵਿ ਦਾ ਇਤਿਹਾਸ ਲਿਖਿਆ ਜਾ ਸਕਦਾ ਹੈ? ਕੀ ਤੁਲਸੀ ਦੀ ਰਮਾਇਣ ਵਿਚ ਤੁਹਾਨੂੰ ਕਿਧਰੇ ਮੁਗਲ ਦਰਬਾਰ ਦੀਆਂ ਝਲਕੀਆਂ ਵਿਖਾਈ ਨਹੀਂ ਦਿੰਦੀਆਂ? ਕੀ ਤੁਸੀਂ ਅਨੀਸ ਦੇ ਮਰਸੀਏ ਦੇਖੇ? ਦੇਖੇ ਹੋਣਗੇ ਤਾਂ ਤੁਹਾਨੂੰ ਇਹ ਵੀ ਪਤਾ ਹੋਵੇਗਾ ਕਿ ਇਨ੍ਹਾਂ ਮਰਸੀਆਂ ਵਿਚਲੇ ਪਾਤਰਾਂ ਦੇ ਨਾਮ ਭਾਵੇ ਅਰਬੀ ਹੀ ਹੋਣ ਪਰੰਤੂ ਹਨ ਉਹ ਅਧਵ ਨਗਰੀ ਦੇ ਰਾਜਪੂਤ। ਕੀ ਤੁਸੀਂ ਗਾਲਿਬ ਦਾ ਇਕ ਸ਼ੇਅਰ ਸੁਣਨਾ ਪਸੰਦ ਕਰੋਗੇ :-

ਜਲਾ ਹੈ ਜਿਸਮ ਯਹਾਂ ਦਿਲ ਭੀ ਜਲ ਗਿਆ ਹੋਗਾ
ਕੁਰੇਦਤੇ ਹੋ ਅਬ ਰਾਖ ਜੁਸਤਜੂ ਕਿਆ ਹੈ।

ਇਕ ਦਹਾਕਾ ਪਹਿਲਾਂ ਰਾਹੀ ਨੇ ਸ਼ਿਵਸੇਨਾ ਦੇ ਦਿਸ਼ਾਹੀਣ ਅਤੇ ਦ੍ਰਿਸ਼ਟੀਹੀਣ ਲੋਕਾਂ ਨੂੰ ਕਿਹਾ ਸੀ ਕਿ "ਤੁਹਾਨੂੰ ਭਾਰਤੀ ਸੱਭਿਆਚਾਰ ਤਾਂ ਕੀ, ਤੁਹਾਨੂੰ ਤਾਂ ਗਾਲ਼੍ਹ ਕੱਢਣੀ ਵੀ ਨਹੀ ਆਉਂਦੀ। ਤੁਸੀ ਲੋਕ ਧੁੱਪ ਦਾ ਅਸਲੀ ਰੰਗ ਦੇਖਣ ਵਾਸਤੇ ਤਿਆਰ ਨਹੀਂ ਹੋ। ਭੁੱਲ ਜਾਉ ਕਿ ਹਿੰਦੁਸਤਾਨ ਸਿਰਫ ਤੁਹਾਡੇ ਵਰਗੇ ਹਿੰਦੂਆਂ ਦਾ ਹੀ ਹੈ। ਹਿੰਦੁਸਤਾਨ ਮੇਰਾ ਵੀ ਹੈ ਅਤੇ ਇਹ ਕਿਸੇ ਤਰਾਂ ਵੀ ਘੱਟ ਮੇਰਾ ਨਹੀਂ।"

ਰਾਹੀ ਨੇ ਪੇਸ਼ਕਾਰੀ ਦੇ ਸਾਰੇ ਖਤਰਿਆਂ ਦਾ ਸਾਹਮਣਾ ਕੀਤਾ ਅਤੇ ਬਦਲੇ ਵਿਚ ਭਾਰੀ ਕੀਮਤ ਚੁਕਾਈ। ਅਲੀਗੜ ਜੋ ਉਨਾਂ ਨੂੰ ਬਹੁਤ ਪਿਆਰਾ ਸੀ ਉੱਥੋਂ ਬੇਦਖਲ ਕਰ ਦਿੱਤੇ ਗਏ। ਉਰਦੂ ਵਿਭਾਗ ਦੀ ਨੌਕਰੀ ਖੋਹ ਲਈ ਗਈ। ਬੰਬਈ ਵਿਚ ਪੰਝੀ ਸਾਲ ਪੈਸੇ ਕਮਾਉਣ ਦੀ ਮਸ਼ੀਨ ਬਣੇ ਰਹੇ। ਵਾਰ ਵਾਰ ਉਨਾਂ ਨੂੰ ਅਲੀਗੜ੍ਹ ਯਾਦ ਆਉਂਦਾ ਸੀ। ਉਹ ਸਿੱਖਿਆ ਜਗਤ ਵਿਚ ਦਾਖਲ ਹੋਣ ਦੇ ਚਾਹਵਾਨ ਰਹੇ। ਉਹ ਚਾਹੁੰਦੇ ਸਨ ਕਿ ਉਰਦੂ-ਹਿੰਦੀ ਸਾਹਿਤ ਦਾ ਸਾਂਝਾ ਇਤਿਹਾਸ ਹੋਵੇ। ਹਿੰਦੀ ਪਾਠਕ੍ਰਮ ਵਿਚ ਉਰਦੂ ਦੇ ਉੱਘੇ ਸਾਹਿਤਕਾਰਾਂ ਦਾ ਸਾਹਿਤ ਪੜ੍ਹਾਇਆ ਜਾਵੇ ਅਤੇ ਉਰਦੂ ਦੇ ਪਾਠਕ੍ਰਮਾਂ ਵਿਚ ਹਿੰਦੀ ਦੇ ਮਹੱਤਵਪੂਰਨ ਸਾਹਿਤਕਾਰਾਂ ਦਾ। ਜਦੋਂ ਅਮ੍ਰਿਤ ਲਾਲ ਨਾਗਰ ਹਿੰਦੀ ਸੰਸਥਾਨ ਉੱਤਰਪ੍ਰਦੇਸ਼ ਦੇ ਪ੍ਰਧਾਨ ਸਨ ਤਾਂ ਉਨਾਂ ਨੇ ਨਾਗਰ ਜੀ ਨੂੰ ਸਾਂਝੇ ਇਤਿਹਾਸ ਦੀ ਇਕ ਲੰਬੀ ਯੋਜਨਾ ਭੇਜੀ। ਨਾਗਰ ਜੀ ਨੂੰ ਵੀ ਇਸ ਕੰਮ ਵਿਚ ਡੂੰਘੀ ਦਿਲਚਸਪੀ ਸੀ। ਪਰ ਸਾਡੇ ਰਾਜਨੇਤਾਵਾਂ ਨੇ ਜੋ ਕਹਿੰਦੇ ਕੁੱਝ ਤੇ ਕਰਦੇ ਕੁੱਝ ਹਨ ਰਾਹੀ ਅਤੇ ਨਾਗਰ ਜੀ ਦੀ ਯੋਜਨਾ ਨੂੰ ਕੋਈ ਸਮਰਥਨ ਨਾ ਦਿੱਤਾ ਫੇਰ ਕੁੱਝ ਸਮੇਂ ਬਾਅਦ ਹੀ ਨਾਗਰ ਜੀ ਪ੍ਰਧਾਨਗੀ ਦੇ ਅਹੁਦੇ ਤੋਂ ਹਟਾ ਦਿੱਤੇ ਗਏ। ਰਾਹੀ ਨੇ ਲਿਖਿਆ "ਚੰਗੀਆਂ ਗੱਲਾਂ ਕਰਨ ਜਾਂ ਖੂਬਸੂਰਤ ਭਾਸ਼ਾ ਲਿਖਣ ਦਾ ਕੋਈ ਲਾਭ ਨਹੀਂ ਹੈ। ਸਾਡੇ ਸੰਵਿਧਾਨ ਵਿਚ ਲਿਖਿਆ ਹੋਇਆ ਹੈ ਕਿ ਭਾਰਤ ਇਕ ਸੈਕੂਲਰ ਡੈਮੋਕਰੇਸੀ ਹੈ, ਪਰ ਸ਼ਿਵਸੇਨਾ ਦੇ ਨੇਤਾ ਬਾਲ ਠਾਕਰੇ ਸ਼ਿਵਾ ਜੀ ਪਾਰਕ ਵਿਚ ਮਾਈਕਰੋਫ਼ੋਨ ਲਾ ਕੇ ਭਾਰਤੀ ਮੁਸਲਮਾਨਾਂ ਨੂੰ ਵਿਦੇਸ਼ੀ ਦੱਸਦੇ ਹਨ ਅਤੇ ਕਾਂਗਰਸੀ ਮੁੱਖ ਮੰਤਰੀ ਬਿਆਨ ਦੇ ਕੇ ਚੁੱਪ ਕਰ ਜਾਂਦੇ ਹਨ।"

ਇਹ ਰਾਹੀ ਦਾ ਹੀ ਦਿਲ, ਗੁਰਦਾ ਸੀ ਕਿ ਬੰਬਈ ਵਿਚ ਰਹਿ ਕੇ ਠਾਕਰੇ ਅਤੇ ਸ਼ਿਵਸੇਨਾ ਦੇ ਵਿਰੁੱਧ ਦਿੱਲੀ ਦੇ ਅਖਬਾਰਾਂ ਵਿਚ ਹੀ ਨਹੀਂ ਬਲਕਿ ਬੰਬਈ ਦੇ ਰਸਾਲਿਆਂ, ਅਖਬਾਰਾਂ ਵਿਚ ਵੀ ਉਨਾਂ ਨੇ ਨਿਡਰ ਹੋ ਕੇ ਆਪਣੀ ਗੱਲ ਕਹੀ। ਉਨਾਂ ਨੇ ਜਿਸ ਸਿਦਕਦਿਲੀ ਨਾਲ ਅਡਵਾਨੀ ਦੀ ਰੱਥ ਯਾਤਰਾ ਦਾ ਵਿਰੋਧ ਕੀਤਾ ਅਤੇ ਕਿਹਾ "ਕੀ ਤੁਸੀ ਭਗਵਾਨ ਸ਼੍ਰੀ ਕ੍ਰਿਸ਼ਨ ਹੋ? ਰੱਥ ਤੇ ਸਵਾਰ ਤਾਂ ਉਹ ਹੀ ਹੁੰਦੇ ਸਨ, ਤੁਸੀਂ ਕਦੋਂ ਕੁ ਤੋਂ ਭਗਵਾਨ ਬਣ ਗਏ ਹੋ?" ਇਸਦੇ ਨਾਲ ਹੀ ਰਾਹੀ ਨੇ "ਇਨਾਂ ਨੂੰ ਇਸਲਾਮ ਕੱਟ ਪੀਸ ਵਿਚ ਚਾਹੀਦੈ" ਵਿਚ ਲਿਖਿਆ ਸੀ 'ਸਾਡੀ ਸਰਕਾਰ ਨਕਲੀ ਮੁੱਲਾ ਵਾਦ ਨੂੰ ਉਤਸਾਹਿਤ ਕਰ ਰਹੀ ਹੈ, ਉਸਦੇ ਵਿਰੁੱਧ ਕਾਰਵਾਈ ਨਹੀ ਕਰਦੀ'. ਕਾਂਗਰਸ ਦੇ ਅੰਦਰ ਫਿਰਕਾਪ੍ਰਸਤ ਰਾਜਨੀਤੀ ਕਰਨ ਵਾਲੇ ਜੈੱਡ. ਆਰ. ਅੰਸਾਰੀ, ਮੁਸਲਿਮ ਲੀਗ ਦੇ ਸੁਲੇਮਾਨ ਸੇਠ, ਬਨਾਤਵਾਲਾ ਅਤੇ ਸ਼ਹਾਬੁਦੀਨ ਨੂੰ ਨਕਲੀ ਮੁੱਲਾਵਾਦ ਦੇ ਪ੍ਰਤੀਕ ਕਿਹਾ। ਉਨ੍ਹਾਂ ਨੇ ਇਕ ਖਤ ਅੱਲਾ ਮੀਆਂ ਦੇ ਨਾਮ ਲਿਖਿਆ। ਉਸ ਵਿਚ ਉਨਾਂ ਨੇ ਕਿਹਾ ਸੀ "ਅੱਲਾ ਮੀਆਂ, ਸ਼ਹਾਬੁਦੀਨ ਅਤੇ ਬਨਾਤਵਾਲਾ ਆਦਿ ਤੇਰੇ ਇਸਲਾਮ ਨੂੰ ਨਹੀਂ ਮੰਨਦੇ" ਫਿਰਕਾਪ੍ਰਸਤ ਰਾਜਨੀਤੀ ਕਰਨ ਵਾਲੇ ਭਾਵੇਂ ਕਿਸੇ ਪਾਰਟੀ ਵਿਚ ਹੋਣ, ਰਾਹੀ ਨੇ ਅਸਲੀਅਤ ਦੀ ਪੇਸ਼ਕਾਰੀ ਕਰਨ ਵਿਚ ਕੋਈ ਕਸਰ ਨਹੀ ਛੱਡੀ। "ਸ੍ਰੀ ਰਾਮ ਅਤੇ ਅੱਲਾ ਮੀਆਂ ਦੋਹਾਂ ਨੂੰ ਹੀ ਅਪੀਲ ਕਰਦਾ ਹਾਂ ਕਿ ਵਾਪਸੀ ਡਾਕ ਰਾਹੀ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਸ਼ਹਾਬੁਦੀਨ ਐਂਡ ਕੰਪਨੀ ਪ੍ਰਾਈਵੇਟ ਲਿਮਟਿਡ ਨੂੰ ਤਾਰ ਰਾਹੀਂ ਸੂਚਨਾ ਦੇਣ ਕਿ ਉਹਨਾਂ ਕੋਲ ਮੰਦਿਰ-ਮਸਜਿਦ ਲੋੜੋਂ ਵੱਧ ਹਨ। ਇਸ ਕਰਕੇ ਜਿੱਥੇ ਸ੍ਰੀ ਰਾਮ ਜਨਮ ਭੂਮੀ ਮੰਦਿਰ ਅਤੇ ਬਾਬਰੀ ਮਸਜਿਦ ਹਨ ਉੱਥੇ ਉਸ ਮੰਦਿਰ ਅਤੇ ਮਸਜਿਦ ਨੂੰ ਢਾਹ ਕੇ ਬੱਚਿਆਂ ਵਾਸਤੇ ਪਾਰਕ ਬਣਾ ਦਿੱਤਾ ਜਾਵੇ ਕਿਉਂਕਿ ਫੁੱਲਾਂ ਦੇ ਵਿਚਕਾਰ ਖੇਡਦੇ ਹੋਏ ਬੱਚਿਆਂ ਤੋ ਵੱਧ ਖੂਬਸੂਰਤ ਦ੍ਰਿਸ਼ ਕੋਈ ਹੋ ਹੀ ਨਹੀਂ ਸਕਦਾ।" 'ਆਧਾ ਗਾਂਵ' ਰਾਹੀ ਦਾ ਹੀ ਨਹੀਂ ਹਿੰਦੀ ਦਾ ਉੱਤਮ ਨਾਵਲ ਹੈ। ਇਹ ਵੀ ਸੱਚ ਹੈ ਕਿ ਪ੍ਰੇਮ ਚੰਦ ਤੋਂ ਬਾਅਦ ਰਾਹੀ ਮਾਸੂਮ ਰਜ਼ਾ ਦੇ ਨਾਵਲ ਸਭ ਤੋਂ ਵੱਧ ਪਾਠਕ ਖਰੀਦ ਕੇ ਪੜ੍ਹ ਰਹੇ ਹਨ।

'ਪੈਂਗੁਇਨ' ਨੇ 1995 ਵਿਚ ਇਸਦਾ ਅੰਗਰੇਜ਼ੀ ਅਨੁਵਾਦ ਕਰਵਾਇਆ। ਯੂਰਪ ਦੇ ਪਾਠਕ ਇਸ ਨਾਵਲ ਨੂੰ ਚਾਅ ਨਾਲ ਪੜ੍ਹ ਰਹੇ ਹਨ। ਉਹ ਮੁਸਲਿਮ ਸਮਾਜ, ਉਸਦੀ ਮਾਨਸਿਕਤਾ ਅਤੇ ਮਨੋਵਿਗਿਆਨ ਨੂੰ ਇਸ ਨਾਵਲ ਦੇ ਮਾਧਿਅਮ ਰਸਤੇ ਸਮਝਣਾ ਚਾਹੁੰਦੇ ਹਨ। ਜਗੀਰਦਾਰੀ ਵਿਵਸਥਾ ਦੇ ਰਹਿੰਦੇ ਅਤੇ ਟੁੱਟਣ ਤੋਂ ਬਾਅਦ ਮੁਸਲਿਮ ਜਗੀਰਦਾਰਾਂ ਅਤੇ ਕਿਰਤੀ ਵਰਗ ਦੀ ਕੀ ਸਥਿਤੀ ਹੋਈ ਇਸ ਸੱਚ ਦਾ ਵਰਨਣ 'ਆਂਧਾ ਗਾਂਵ' ਵਿਚ ਅਸਲੀਅਤ ਅਤੇ ਵਿਸਥਾਰ ਨਾਲ ਮਿਲਦਾ ਹੈ। ਇਸ ਗਹਿਰਾਈ ਨਾਲ ਕੋਈ ਹੋਰ ਨਾਵਲ ਇਸ ਦਾ ਮੁਕਾਬਲਾ ਨਹੀਂ ਕਰ ਸਕਦਾ। ਇਕ ਦਿਲਚਸਪ ਪ੍ਰਸੰਗ ਹੈ, 'ਆਧਾ ਗਾਂਵ' ਅਤੇ 'ਰਾਗ ਦਰਬਾਰੀ' ਇਕੋ ਵੇਲੇ (1966) ਪ੍ਰਕਾਸ਼ਿਤ ਹੋਏ। 1968 ਵਿਚ ਸਾਹਿਤ ਅਕਾਦਮੀ ਦੇ ਇਨਾਮ ਲਈ ਦੋਵੇਂ ਨਾਵਲ ਅੰਤਿਮ ਪੜਾਅ ਵਿਚ ਸਨ। ਦੋ ਮੈਂਬਰ 'ਆਧਾ ਗਾਂਵ' ਦੇ ਹੱਕ ਵਿਚ ਸਨ ਅਤੇ ਇਕ 'ਰਾਗ ਦਰਬਾਰੀ' ਦੇ। ਇੱਥੇ ਲੇਖਕ ਦਾ ਵੱਡਾ ਅਫਸਰ ਹੋਣਾ ਕੰਮ ਆਇਆ ਅਤੇ ਅੰਤ ਵਿਚ ਬਾਜ਼ੀ 'ਰਾਗ ਦਰਬਾਰੀ' ਨੇ ਜਿੱਤ ਲਈ। ਰਾਹੀ ਨੂੰ ਜਦੋ ਪੂਰੀ ਕਹਾਣੀ ਦਾ ਪਤਾ ਲੱਗਾ ਤਾਂ ਉਹਨੇ ਲਿਖਿਆ "ਮੈ ਕਿਸੇ ਇਨਾਮ ਵਾਸਤੇ ਨਾਵਲ ਨਹੀਂ ਲਿਖਿਆ। ਜੇ ਮਿਲ ਜਾਂਦਾ ਤਾਂ ਵੀ ਠੀਕ ਸੀ, ਨਹੀ ਮਿਲਿਆ ਤਾਂ ਵੀ ਮੈਨੂੰ ਇਸ ਦਾ ਕੋਈ ਅਫ਼ਸੋਸ ਨਹੀ। ਸੁਣਿਆਂ ਹੈ ਕਿ ਪ੍ਰੇਮ ਚੰਦ, ਮੁਕਤੀਬੋਧ ਅਤੇ ਨਿਰਾਲਾ ਨੂੰ ਵੀ ਕੋਈ ਪੁਰਸਕਾਰ ਨਹੀਂ ਮਿਲਿਆ ਸੀ।"

ਪਰੰਤੂ ਇਸ ਨਾਵਲ ਦੀ ਤਰਾਸਦੀ ਸਮਾਪਤ ਹੋਣ ਦਾ ਨਾਮ ਹੀ ਨਹੀਂ ਲੈ ਰਹੀ। 1972 ਵਿਚ ਜੋਧਪੁਰ ਦੇ ਪਾਠਕ੍ਰਮ ਵਿਚੋਂ ਅਸ਼ਲੀਲ ਕਹਿ ਕੇ ਇਹ ਨਾਵਲ ਕੱਢ ਦਿੱਤਾ ਗਿਆ। ਉਨ੍ਹਾਂ ਮਹਾਂਪੰਡਿਤਾਂ ਨੇ ਇਸ ਨੂੰ ਅਸ਼ਲੀਲ ਕਿਹਾ ਜਿਹੜੇ ਰੀਤੀਕਾਲ ਦੇ ਕਵੀਆਂ ਨੂੰ ਰਸ ਲੈ ਲੈ ਕੇ ਪੜਦੇ ਹਨ। ਫੇਰ ਮਰਾਠਵਾੜਾ ਯੂਨੀਵਰਸਿਟੀ ਔਰੰਗਾਬਾਦ ਵਿਚ ਵੀ 'ਆਧਾ ਗਾਂਵ' ਨਾਲ ਜੋਧਪੁਰ ਵਾਲੀ ਹੀ ਦੁਰਘਟਨਾ ਹੋਈ। "ਇਸ ਨਾਵਲ ਵਿਚ ਗਾਲ਼੍ਹਾਂ ਬਹੁਤ ਹਨ" ਇਹ ਕਹਿ ਕੇ ਐਮ.ਏ ਦੇ ਪਾਠਕ੍ਰਮ ਵਿਚੋਂ ਨਾਵਲ ਨੂੰ ਕੱਢ ਦਿੱਤਾ ਗਿਆ। ਅਸਲੀਅਤ ਗਾਲ਼੍ਹਾਂ ਤੇ ਅਸ਼ਲੀਲਤਾ ਨਹੀਂ ਸਗੋਂ 'ਆਧਾ ਗਾਂਵ' ਵਿਚ ਧਰਮ ਦੀ ਰਾਜਨੀਤੀ ਅਤੇ ਸੱਭਿਆਚਾਰ ਦਾ ਵਿਉਪਾਰ ਕਰਨ ਵਾਲੇ ਤੱਤਾਂ ਨੂੰ ਪਰਤ ਦਰ ਪਰਤ ਨੰਗਾ ਕੀਤਾ ਗਿਆ ਹੈ। ਦੋਵੇਂ ਹੀ ਫਿਰਕਾਪ੍ਰਸਤ ਤੱਤ ਰਾਹੀ ਅਤੇ 'ਆਧਾ ਗਾਂਵ' ਤੋ ਭੈਅ-ਭੀਤ ਵੀ ਹਨ ਅਤੇ ਗੁੱਸੇ ਵੀ। ਉਨਾਂ ਕੋਲ ਇੰਨਾ ਨੈਤਿਕ ਸਾਹਸ ਨਹੀਂ ਕਿ ਸੱਚ ਅਤੇ ਅਸਲੀਅਤ ਦਾ ਸਾਹਮਣਾ ਕਰ ਸਕਣ।



ਕੇਹਰ ਸ਼ਰੀਫ
+49 173 3546050

ਇਸ ਤਰਾਂ ਬਹਾਨੇ ਬਣਾ ਕੇ ਪਿਛੇ ਤੋਂ ਵਾਰ ਕਰਦੇ ਹਨ। ਰਾਹੀ ਨੇ 'ਟੋਪੀ ਸ਼ੁਕਲਾ' ਅਤੇ 'ਔਸ ਕੀ ਬੂੰਦ' ਦੀ ਭੁਮਿਕਾ ਵਿਚ ਤਿੱਖੀ ਟਿੱਪਣੀ ਕਰਦੇ ਹੋਏ ਲਿਖਿਆ ਸੀ- "ਆਧਾ ਗਾਂਵ ਵਿਚ ਬੇਸ਼ੁਮਾਰ ਗਾਲ਼੍ਹਾਂ ਸਨ, ਮੌਲਾਨਾ ਟੋਪੀ ਸ਼ੁਕਲਾ ਵਿਚ ਇਕ ਵੀ ਗਾਲ਼੍ਹ ਨਹੀਂ ਹੈ। ਪਰ ਸ਼ਾਇਦ ਇਹ ਪੂਰਾ ਨਾਵਲ ਇਕ ਗੰਦੀ ਗਾਲ਼੍ਹੀ ਹੈ ਅਤੇ ਮੈਂ ਇਹ ਗਾਲ਼੍ਹ ਡੰਕੇ ਦੀ ਚੋਟ ਨਾਲ ਦੇ ਰਿਹਾ ਹਾਂ। ਇਹ ਨਾਵਲ ਅਸ਼ਲੀਲ ਹੈ- ਜੀਵਨ ਦੀ ਤਰਾਂ." (ਟੋਪੀ ਸ਼ੁਕਲਾ ਦੀ ਭੂਮਿਕਾ ਵਿਚੋਂ)। ਵੱਡਿਆਂ ਤੇ ਬੁੱਢਿਆਂ ਨੇ ਕਈ ਵਾਰ ਕਿਹਾ ਹੈ ਕਿ ਗਾਲ਼੍ਹਾਂ ਨਾ ਲਿਖੋ। 'ਆਧਾ ਗਾਂਵ' ਵਿਚ ਇੰਨੀਆਂ ਗਾਲ਼੍ਹਾਂ ਨਾ ਹੁੰਦੀਆਂ ਤਾਂ ਤੁਹਾਨੂੰ ਸਾਹਿਤ ਅਕਾਦਮੀ ਪੁਰਸਕਾਰ ਜ਼ਰੂਰ ਮਿਲ ਗਿਆ ਹੁੰਦਾ। ਪਰ ਮੈਂ ਇਹ ਸੋਚਦਾ ਹਾਂ ਕਿ ਕੀ ਮੈ ਨਾਵਲ ਇਸ ਕਰਕੇ ਲਿਖਦਾ ਹਾਂ ਕਿ ਮੈਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲੇ? ਇਨਾਮ ਮਿਲਣ ਦਾ ਕੋਈ ਨੁਕਸਾਨ ਨਹੀਂ ਹੈ ਫ਼ਾਇਦਾ ਹੀ ਹੈ। ਪਰ ਮੈ ਸਾਹਿਤਕਾਰ ਹਾਂ. ਜੇ ਮੇਰੇ ਪਾਤਰ ਗੀਤਾ ਬੋਲਣਗੇ ਤਾਂ ਮੈ ਗੀਤਾ ਦੇ ਸ਼ਲੋਕ ਲਿਖਾਂਗਾ ਅਤੇ ਜਦੋ ਉਹ ਗਾਲ਼੍ਹਾਂ ਬਕਣਗੇ ਤਾਂ ਮੈ ਜਰੂਰ ਹੀ ਉਨਾਂ ਦੀਆਂ ਗਾਲ਼੍ਹਾਂ ਵੀ ਲਿਖਾਂਗਾ।

ਮੈਂ ਕੋਈ ਨਾਜ਼ੀ ਸਾਹਿਤਕਾਰ ਨਹੀਂ ਕਿ ਆਪਣੇ ਨਾਵਲ ਦੇ ਸ਼ਹਿਰਾਂ ਤੇ ਆਪਣਾ ਹੁਕਮ ਚਲਾਵਾਂ ਅਤੇ ਹਰ ਪਾਤਰ ਦੇ ਹੱਥ ਵਿਚ ਇਕ ਸ਼ਬਦਕੋਸ਼ ਫੜਾ ਕੇ ਹੁਕਮ ਦੇ ਦੇਵਾਂ ਕਿ ਜੇ ਇਕ ਵੀ ਸ਼ਬਦ ਆਪਣੇ ਵਲੋ ਬੋਲਿਆ ਤਾਂ ਗੋ.ਲੀ ਮਾਰ ਦਿਆਂਗਾ। ਕੋਈ ਵੱਡਾ ਸਿਆਣਾ ਇਹ ਦੱਸੇ ਕਿ ਜਿੱਥੇ ਮੇਰੇ ਪਾਤਰ ਗਾਲ਼੍ਹਾਂ ਕੱਢਦੇ ਹਨ, ਉੱਥੇ ਮੈ ਗਾਲ਼੍ਹਾਂ ਕੱਢ ਕੇ ਕੀ ਲਿਖਾਂ, ਡਾਟ-ਡਾਟ? ਤਾਂ ਉਦੋ ਫੇਰ ਲੋਕ ਆਪਣੇ ਵਲੋ ਗਾਲ਼੍ਹਾਂ ਘੜਨ ਲੱਗਣਗੇ ਅਤੇ ਮੈਨੂੰ ਗਾਲ਼੍ਹਾਂ ਦੇ ਸਿਲਸਿਲੇ ਵਿਚ ਆਪਣੇ ਪਾਤਰਾਂ ਤੋ ਸਿਵਾ ਕਿਸੇ ਤੇ ਵੀ ਭਰੋਸਾ ਨਹੀਂ ਹੈ।

ਗਾਲ਼੍ਹਾਂ ਮੈਨੂੰ ਵੀ ਚੰਗੀਆਂ ਨਹੀਂ ਲਗਦੀਆਂ. ਮੇਰੇ ਘਰ ਵਿਚ ਗਾਲ਼੍ਹਾਂ ਕੱਢਣ ਦੀ ਪਰੰਪਰਾ ਨਹੀਂ ਹੈ। ਪਰ ਲੋਕ ਸੜਕਾਂ ਉੱਤੇ ਗਾਲ਼੍ਹਾਂ ਕੱਢਦੇ ਹਨ। ਆਂਢ-ਗੁਆਂਢ ਵਿਚੋ ਗਾਲ਼੍ਹਾਂ ਸੁਣਾਈ ਦਿੰਦੀਆਂ ਹਨ, ਅਤੇ ਮੈ ਆਪਣੇ ਕੰਨ ਬੰਦ ਨਹੀਂ ਕਰਦਾ। ਇਹ ਹੀ ਤੁਸੀਂ ਵੀ ਕਰਦੇ ਹੋਵੋਗੇ।

ਫੇਰ ਮੇਰੇ ਪਾਤਰ ਗਾਲ਼੍ਹਾਂ ਬਕਦੇ ਹਨ ਤਾਂ ਤੁਸੀਂ ਮੇਰੇ ਪੇਸ਼ ਕਿਉਂ ਪੈਂਦੇ ਹੋ? ਉਹ ਪਾਤਰ ਆਪਣੇ ਘਰਾਂ ਵਿਚ ਗਾਲ਼੍ਹਾਂ ਕੱਢ ਰਹੇ ਹਨ। ਉਹ ਨਾਂ ਤਾਂ ਮੇਰੇ ਘਰ ਵਿਚ ਹਨ ਅਤੇ ਨਾ ਹੀ ਤੁਹਾਡੇ ਘਰ ਵਿਚ। ਇਸ ਕਰਕੇ ਸਾਹਿਬ, ਸਾਹਿਤ ਅਕਾਦਮੀ ਦੇ ਇਨਾਮ ਵਾਸਤੇ ਮੈ ਆਪਣੇ ਪਾਤਰਾਂ ਦੀ ਜ਼ੁਬਾਨ ਨਹੀਂ ਕੱਟ ਸਕਦਾ। ਇਸ ਨਾਵਲ ਦੇ ਪਾਤਰ ਵੀ ਕਿਤੇ-ਕਿਤੇ ਗਾਲ਼੍ਹਾਂ ਦਿੰਦੇ ਹਨ। ਤੁਸੀ ਜੇ ਕਦੇ ਗਾਲ਼੍ਹ ਸੁਣੀ ਹੀ ਨਾ ਹੋਵੇ ਤਾਂ ਤੁਸੀ ਇਹ ਨਾਵਲ ਨਾ ਪੜ੍ਹਿਉ ਮੈ ਤੁਹਾਨੂੰ ਮਜਬੂਰ ਕਰਨਾ ਨਹੀ ਚਾਹੁੰਦਾ (ਰਾਹੀ ਮਾਸੂਮ ਰਜ਼ਾ: ਭੂਮਿਕਾ -ਔਸ ਕੀ ਬੂੰਦ )।

'ਆਧਾ ਗਾਂਵ' ਮੂ.ਲ ਰੂਪ ਵਿਚ ਫਾਰਸੀ ਲਿੱਪੀ ਵਿਚ ਲਿਖਿਆ ਗਿਆ ਸੀ। ਜਿਸ ਨੂੰ ਦੇਵਨਾਗਰੀ ਵਿਚ ਮੈਂ ਲਿੱਪੀਅੰਤਰ ਕੀਤਾ ਸੀ। ਇਸ ਤਰਾਂ ਹੀ ਰਾਹੀ ਦੀਆਂ ਕਈ ਆਰੰਭਕ ਰਚਨਾਵਾਂ ਵੀ ਫਾਰਸੀ ਲਿੱਪੀ ਵਿਚ ਹੀ ਲਿਖੀਆਂ ਗਈਆਂ ਸਨ। ਪਰ ਇਹ ਸਾਰੀਆਂ ਰਚਨਾਵਾਂ ਹਿੰਦੀ ਦੀਆਂ ਹਨ। ਰਾਹੀ ਠੀਕ ਕਹਿੰਦੇ ਸਨ ਕਿ ਲਿੱਪੀ ਭਾਸ਼ਾ ਨਹੀਂ ਹੁੰਦੀ ਮਰਾਠੀ, ਸੰਸਕ੍ਰਿਤ, ਹਿੰਦੀ ਅਤੇ ਨੇਪਾਲੀ ਦੀ ਲਿੱਪੀ ਦੇਵਨਾਗਰੀ ਹੈ। ਪਰ ਭਾਸ਼ਾਵਾਂ ਇਹ ਵੱਖੋ ਵੱਖ ਹਨ।

ਰਾਹੀ ਦਾ ਵਿਚਾਰ ਸੀ ਕਿ ਉਰਦੂ ਸਾਹਿਤ ਲੋਕਾਂ ਵਿਚ ਪ੍ਰਵਾਨਤ ਅਤੇ ਸ਼ਕਤੀਸ਼ਾਲੀ ਹੈ, ਪਰੰਤੂ ਉਸਦੀ ਲਿੱਪੀ ਬਹੁਤ ਮੁਸ਼ਕਲ ਅਤੇ ਅੱਜ ਦੇ ਸੰਦਰਭ ਵਿਚ ਬਹੁਤ ਉਪਯੋਗੀ ਨਹੀਂ ਹੈ। ਇਸ ਕਰਕੇ ਉਰਦੂ ਨੂੰ ਦੇਵਨਾਗਰੀ ਲਿੱਪੀ ਅਪਣਾ ਲੈਣੀ ਚਾਹੀਦੀ ਹੈ। ਰਾਹੀ ਨੇ ਆਪਣੇ ਦਰਦ ਨੂੰ ਇਕ ਲੇਖ ਵਿਚ ਪੇਸ਼ ਕੀਤਾ ਹੈ:

"ਮੇਰਾ ਦਰਦ ਵੰਡਣ ਵਾਲਾ ਕੋਈ ਨਹੀਂ ਹੈ ਕਿਉਂਕਿ ਇਸ ਦਰਦ ਦੇ ਜੰਗ ਵਿਚ ਸ਼ਾਇਦ ਮੈਂ ਬਿਲਕੁਲ ਇਕੱਲਾ ਹਾਂ। ਮੈ ਸ਼ਾਇਦ ਉਰਦੂ ਦਾ ਇਕੱਲਾ ਸ਼ਾਇਰ ਹਾਂ ਜਿਸਨੇ ਇਹ ਕਹਿਣ ਦੀ ਹਿੰਮਤ ਕੀਤੀ ਕਿ ਉਰਦੂ ਅਤੇ ਹਿੰਦੀ ਦੋ ਅਲੱਗ ਅਲੱਗ ਭਾਸ਼ਾਵਾਂ ਨਹੀਂ ਹਨ।

ਮੈਂ ਇਹ ਚੇਤਨਾ ਬਹੁਤ ਮਹਿੰਗੇ ਮੁੱਲ 'ਚ ਖਰੀਦੀ ਹੈ ਅਤੇ ਲੋਕ ਕਹਿੰਦੇ ਹਨ ਕਿ ਮੈਂ ਵਿਕ ਰਿਹਾ ਹਾਂ।"

# ਭਾਰਤ ਵਿਚ ਦੂਜਾ ਕਾਂਸ਼ੀ ਰਾਮ ਵਰਗਾ ਕੋਈ ਲੀਡਰ ਕਿਉਂ ਨਹੀਂ ਬਣ ਸਕਿਆ?



ਪ੍ਰਦੀਪ ਰਾਜਾ

ਬਸਪਾ ਦੇ ਜਨਮ ਦਾਤਾ ਸਾਹਿਬ ਕਾਂਸ਼ੀ ਰਾਮ ਜੀ ਦਾ ਬਸਪਾ ਵਲੋ15 ਮਾਰਚ ਨੂੰ ਜਨਮ ਦਿਨ ਭਾਰਤੀ ਰਿਪਬਲਿਕਨ ਪਾਰਟੀ ਵਲੋ16 ਮਾਰਚ ਤੇ ਬਹੁਜਨ ਮੁੱਕਤੀ ਪਾਰਟੀ ਵਲੋ 18 ਮਾਰਚ ਨੂੰ ਮਨਾਇਆ ਜਾ ਰਿਹਾ ਹੈ । ਸਾਹਿਬ ਕਾਂਸ਼ੀ ਰਾਮ ਜੀ 9 ਅਕਤੂਬਰ 2006 ਨੂੰ ਇਸ ਦੁਨੀਆਂ ਤੋ ਚਲੇ ਗਏ ਸਨ ਤੇ ਉਹਨਾਂ ਦਾ ਜਨਮ ਦਿਨ ਤੇ ਪ੍ਰੀਨਿਰਵਾਣ ਦਿਵਸ ਪਿਛਲੇ 12 ਸਾਲ ਤੋ ਮਨਾਇਆ ਜਾ ਰਿਹਾ ਹੈ। ਸਾਹਿਬ ਕਾਂਸ਼ੀ ਰਾਮ ਨੇ ਜਿਸ ਮੰਤਵ ਲਈ ਰਾਜਨੀਤਿਕ ਧਿਰ ਬਸਪਾ ਨੂੰ ਬਣਾਇਆ ਸੀ ਉਹਨਾਂ ਦੇ ਜਾਣ ਤੋ ਬਾਦ ਪਾਰਟੀ ਉਸ ਵਿਚਾਧਾਰਾ ਤੋ ਥਿੜਕ ਗਈ ਹੈ। ਜੋ ਬਹੁਜਨ ਕੀ ਬਾਤ ਕਰੇਗਾ ਵੋ ਦਿਲੀ ਪਰ ਰਾਜ ਕਰੇਗਾ ਤੇ ਹੋਰ ਕਈ ਇਸ ਤਰਾਂ ਦੇ ਨਾਅਰੇ ਜੋ ਕਿ ਬਹੁਜਨ ਸਮਾਜ ਵਿਚ ਜੋਸ਼ ਭਰਦੇ ਸਨ ਉਹ ਹੁਣ ਸੁਣਨ ਨੂੰ ਨਹੀ ਮਿਲ ਰਹੇ। ਹੁੱਣ ਤਾਂ ਇਹ ਸੁੱਣਨ ਨੂੰ ਮਿਲਦਾ ਹੈ ਬ੍ਰਾਹਮਣ ਸੰਖ ਵਜਾਏਗਾ ਹਾਥੀ ਬੜਤਾ ਜਾਏਗਾ। ਬ੍ਰਾਹਮਣ ਨੇ ਜਰੂਰ ਸਾਹਿਬ ਕਾਂਸ਼ੀ ਰਾਮ ਦੀ ਮੌਤ ਤੋ ਬਾਦ 2007 ਵਿਚ ਯੂਪੀ ਦੀਆਂ ਵਿਧਾਨ ਸਭਾ ਚੋਣਾਂ ਵਿਚ ਬਸਪਾ ਲਈ ਸੰਖ ਵਜਾਇਆ ਤੇ ਬਸਪਾ ਦੀ ਸਪੱਸ਼ਟ ਬਹੁਮਤ ਦੀ ਉਥੇ ਸਰਕਾਰ ਬਣੀ ਪਰ 2012 ਵਿਚ ਦੁਬਾਰਾ ਨਾ ਬਣ ਸਕੀ ਤੇ 2017 ਵਿਚ ਤਾਂ ਐਮ ਐਲ ਏ ਹੀ 19 ਰਹਿ ਗਏ। ਫਿਰ ਉਹੀ ਬ੍ਰਾਹਮਣ ਨੇ ਭਾਜਪਾ ਲਈ ਸੰਖ ਵਜਾਇਆ ਤੇ ਭਾਜਪਾ ਦੀ ਕੇਂਦਰ ਵਿਚ ਵੱਡੇ ਬਹੁਮਤ ਨਾਲ ਸਰਕਾਰ ਬਣੀ ਤੇ ਯੂਪੀ ਸਮੇਤ ਦੇਸ਼ ਦੀਆਂ 22 ਸਟੇਟਾਂ ਵਿਚ ਸਰਕਾਰ ਬਣ ਗਈ ਤੇ ਬਹੁਜਨ ਸੁੱਤਾ ਹੀ ਰਹਿ ਗਿਆ। ਸਾਹਿਬ ਕਾਂਸ਼ੀ ਰਾਮ ਦੇ ਸਮੇਂ ਤੇ 1989 ਤੋਂ 2002 ਤੱਕ ਤਿੰਨ ਵਾਰ ਬਸਪਾ ਦੀ ਸਰਕਾਰ ਬਣੀ ਤੇ ਪੰਜਾਬ ਵਿਚ 9 ਐਮ ਐਲ ਏ ਤੇ 3 ਐਮ ਪੀ,ਮੱਧ ਪ੍ਰਦੇਸ ਵਿਚ 12 ਐਮ ਐਲ ਏ ਤੇ 2 ਐਮ ਪੀ, ਹਰਿਆਣਾ 2 ਐਮ ਐਲ ਏ ਤੇ 1 ਐਮ ਪੀ, ਜੰਮੂ ਕਸ਼ਮੀਰ ਵਿਚ 4 ਐਮ ਐਲ ਏ,ਹਿਮਾਚਲ ਪ੍ਰਦੇਸ਼ 2 ਐਮ ਐਲ ਏ,ਰਾਜਸਥਾਨ 8 ਐਮ ਐਲ ਏ,ਛੱਤੀਸਗੜ 3 ਐਮ ਐਲ ਏ,ਉਤਰਾਖੰਡ 12 ਐਮ ਐਲ ਏ,ਬਿਹਾਰ 5 ਐਮ ਐਲ ਏ, ਕਰਨਾਟਕ 3 ਐਮ ਐਲ ਏ, ਆਂਧਰਾ ਪ੍ਰਦੇਸ਼ 3 ਐਮ ਐਲ ਏ,ਨਵੀ ਦਿਲੀ 3 ਐਮ ਐਲ ਏ ਬਣਦੇ ਰਹੇ। ਪਰ ਅੱਜ ਬਸਪਾ ਦਾ ਲੋਕ ਸਭਾ ਵਿਚ ਐਮ ਪੀ ਕੋਈ ਵੀ ਨਹੀਂ ਹੈ ਹੁੱਣ ਇਸ ਤਰਾਂ ਦੀ ਤਰਸਯੋਗ ਹਾਲਤ ਬਸਪਾ ਦੀ ਬਣੀ ਹੋਈ ਹੈ ਕਿ ਬਸਪਾ ਨੂੰ ਰਾਜ ਸਭਾ ਮੈਂਬਰ ਬਣਾਉਣ ਲਈ ਆਪਣੇ ਕੱਟੜ ਵਿਰੋਧੀ ਸਮਾਜਵਾਦੀ ਪਾਰਟੀ ਦੀ ਮਦਦ ਲੈਣੀ ਪੈ ਰਹੀ ਹੈ। ਜਿਸ ਤੋ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਬਸਪਾ ਇਸ ਵੇਲੇ ਹਾਸ਼ੀਏ ਤੇ ਜਾ ਚੁੱਕੀ ਹੈ ਤੇ ਲੱਗਦਾ ਹੈ ਕਿ ਮਾਇਆਵਤੀ ਕੋਲ ਕਈ ਵੀ ਰਣਨੀਤੀ ਨਹੀ ਹੈ ਕਿ ਉਹ ਬਸਪਾ ਨੂੰ ਪਹਿਲਾਂ ਵਾਲੀਆਂ ਬੁਲੰਦੀਆਂ ਤੇ ਲਿਜਾ ਸਕੇ। ਸਾਹਿਬ ਕਾਂਸ਼ੀ ਰਾਮ ਵਿਚ ਕਨਵੈਂਸਿੰਗ ਪਾਵਰ ਏਨੀ ਸੀ ਕਿ ਉਹ ਜਦੋ ਕੌਈ ਰੈਲੀ ਜਾਂ ਸਮਾਗਮ ਵਿਚ ਬੋਲਦੇ ਸਨ ਤਾਂ ਲੋਕ ਉਹਨਾਂ ਦੇ ਵਿਚਾਰ ਸਾਹ ਰੋਕ ਕੇ ਸੁਣਦੇ ਸਨ ਜਿਸ ਦਾ ਨਤੀਜਾ ਸੀ ਕਿ ਬਸਪਾ ਲਗਾਤਾਰ ਉਹਨਾਂ ਦੇ ਕਾਲ ਵਿਚ ਅੱਗੇ ਵੱਧ ਰਹੀ ਸੀ ਤੇ ਰਾਸ਼ਟਰੀ ਪਾਰਟੀ ਦਾ ਦਰਜਾ ਵੀ ਹਾਸਿਲ ਹੋ ਗਿਆ ਸੀ ਤੇ ਅੱਜ ਤਾਂ ਉਹ ਮਾਨਤਾ ਵੀ ਜਾਂਦੀ ਲੱਗੀ। ਇਸ ਮਸਲੇ ਤੇ ਚਿੰਤਨ ਕਰਨ ਦੀ ਲੋੜ ਹੈ ਕਿ ਪਾਰਟੀ ਦਾ ਗ੍ਰਾਫ ਲਗਾਤਾਰ ਕਿਉਂ ਡਿੱਗ ਰਿਹਾ ਹੈ ਪਰ ਇਸ ਸਭ ਤੇ ਚਿੰਤਾ ਕਰਨ ਦੀ ਬਜਾਏ ਇਹਨਾਂ ਮਸਲਿਆਂ ਨੂੰ ਇਗਨੋਰ ਕਰਕੇ ਬਸਪਾ ਦੇ ਡਾਊਨਫਾਲ ਤੇ ਵਿਚਾਰ ਕਰ ਰਹੇ ਲੋਕਾਂ ਤੇ ਗਦਾਰੀ ਦਾ ਚਿੱਕੜ ਸੁੱਟਿਆ ਜਾ ਰਿਹਾ ਹੈ। ਜੇਕਰ ਬਸਪਾ ਸੁਪ-ਰੀਮੋ 2007 ਵਿਚ ਯੂ ਪੀ ਵਿਚ ਸਪੱਸ਼ਟ ਬਹੁਮਤ ਦੀ ਸਰਕਾਰ ਬਣਾਉਣ ਦਾ ਕਰੈਡਿਟ ਖੁੱਦ ਨੂੰ ਦਿੰਦੇ ਹਨ ਤਾਂ ਉਹ ਬਸਪਾ ਦੀ 12 ਸਟੇਟਾਂ ਵਿਚ ਹੋਈ ਹਾਰ ਦੀ ਜਿੰਮੇਵਾਰੀ ਆਪਣੇ ਸਿਰ ਕਿਉਂ ਨਹੀਂ ਲੈਂਦੇ। ਕਿਉਂ ਕਿ ਬਸਪਾ ਜਦੋ ਜਿੱਤਦੀ ਸੀ ਤਾਂ ਉਹ ਬਸਪਾ ਸੁਪਰੀਮੋ ਦੀਆਂ ਨੀਤੀਆਂ ਦੀ ਜਿੱਤ ਸੀ ਹੁੱਣ ਜਦੋ ਬਸਪਾ ਹਾਰ ਰਹੀ ਹੈ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਬਸਪਾ ਸੁਪਰੀਮੋ




ਦੀਆਂ ਨੀਤੀਆਂ ਦੀ ਹਾਰ ਹੈ। ਬਸਪਾ ਦੀ ਲਗਾਤਾਰ ਹਾਰ ਤੋ ਬਾਦ ਬਸਪਾ ਸੁਪਰੀਮੋ ਆਪਣੀ ਰਣਨੀਤੀ ਬਦਲ ਕੇ ਇਲੈਕਸ਼ਨ ਕਿਉਂ ਨਹੀ ਲੜਣਾ ਚਾਹੁੰਦੇ ਜਦ ਕਿ ਭਾਜਪਾ ਵੀ 1984 ਵਿਚ ਬਣੀ ਹੈ ਤੇ ਉਸਦੀ ਕੇਂਦਰ ਸਮੇਤ ਦੇਸ਼ ਦੇ 22 ਰਾਜਾਂ ਵਿਚ ਸਰਕਾਰ ਹੈ ਜਦ ਭਾਜਪਾ ਵਰਗੀ ਆਰ ਐਸ ਐਸ ਦੀ ਕੇਡਰਰਾਈਜ ਪਾਰਟੀ ਸਮਝੋਤਿਆਂ ਦੀ ਰਣਨੀਤੀ ਤਹਿਤ ਕਾਮਯਾਬ ਹੋ ਗਈ ਤਾਂ ਬਸਪਾ ਸੁਪਰੀਮੋ ਕਿਉਂ ਰਾਜਨੀਤਿਕ ਪਾਰਟੀਆਂ ਨਾਲ ਸਮਝੋਤੇ ਤੋ ਮੂੰਹ ਮੋੜ ਰਹੀ ਹੈ। ਜਦ ਕਿ ਕਾਂਸ਼ੀ ਰਾਮ ਜੀ ਨੇ ਮੁਲਾਇਮ ਸਿੰਘ ਯਾਦਵ,ਲਾਲੂ ਪ੍ਰਸਾਦ ਯਾਦਵ ਤੇ ਅਕਾਲੀ ਦਲ ਨਾਲ ਲਗਾਤਾਰ ਸਮਝੋਤੇ ਕਰਕੇ ਪਾਰਟੀ ਨੂੰ ਲਗਾਤਾਰ ਅੱਗੇ ਵਧਾਇਆ ਤੇ ਉਸਦੇ ਨਤੀਜੇ ਵੀ ਪਾਰਟੀ ਦੇ ਹੱਕ ਵਿਚ ਆਏ। ਜੇ ਪੰਜਾਬ ਦੀ ਗੱਲ ਕਰੀਏ ਜਿਥੇ ਦੇ ਕਾਂਸ਼ੀ ਰਾਮ ਜੀ ਸਨ ਉਸ ਪੰਜਾਬ ਵਿਚ ਪਾਰਟੀ ਨੂੰ 19 ਪ੍ਰਤੀਸ਼ਤ ਵੋਟ ਪੈਂਦੀ ਸੀ ਅੱਜ ਦੀ ਤਰੀਕ ਵਿਚ ਉਥੇ ਵੀ ਹੋਈਆਂ ਵਿਧਾਨ ਸਭਾ ਚੋਣਾਂ ਵਿਚ 1 ਪ੍ਰਤੀਸ਼ਤ ਵੋਟ ਰਹਿ ਗਈ ਹੈ ਇਕ ਫਿਲੌਰ ਹਲਕੇ ਨੂੰ ਛੱਡ ਕੇ ਬਸਪਾ ਦੇ 111 ਉਮੀਦਵਾਰਾਂ ਦੀਆਂ ਜਮਾਨਤਾਂ ਜਬਤ ਹੋ ਗਈਆਂ ਅਤੇ ਬਸਪਾ ਵਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਰਾਣਾ ਗੁਰਜੀਤ ਸਿੰਘ ਤੇ ਹੋਰ ਤਿੰਨ ਦਿੱਗਜ ਰਾਜਨੀਤਿਕ ਆਗੂਆਂ ਵਿਰੁਧ ਆਪਣੇ ਉਮੀਦਵਾਰ ਖੜੇ ਨਹੀ ਕੀਤੇ ਇਸ ਪਿਛੇ ਬਸਪਾ ਦੀ ਕੀ ਸੈਟਿੰਗ ਸੀ ਇਹ ਚਰਚਾ ਵੀ ਬਹੁੱਤ ਵੱਡੇ ਸਵਾਲ ਖੜੇ ਕਰਦੀ ਹੈ। ਪਰ ਹੋਈ ਹਾਰ ਲਈ ਪਾਰਟੀ ਵੱਲੋ ਕੋਈ ਨਵੀ ਰਣਨੀਤੀ ਨਹੀ ਬਣਾਈ ਜਾ ਰਹੀ ਕਿ ਇਸ ਹਾਰ ਦੇ ਧੋਣੇ ਨੂੰ ਕਿਵੇਂ ਧੋਣਾ ਹੈ। ਪੰਜਾਬ ਵਿਚ ਪਿਛਲੇ 17 ਸਾਲ ਤੋ ਬਸਪਾ ਦਾ ਕੋਈ ਐਮ ਐਲ ਏ ਨਹੀ ਬਣਿਆ ਜਦ ਕਿ ਪਿਛਲੇ ਮਹੀਨੇ ਦੋਰਾਨ ਬਸਪਾ ਦਾ ਸਾਬਕਾ ਐਮ ਐਲ ਏ ਸ਼ਿੰਗਾਰਾ ਰਾਮ ਸਹੁੰਗੜਾ ਤੇ ਤਿੰਨ ਵਾਰ ਫਿਲੋਰ ਤੋ ਇਲੈਕਸ਼ਨ ਲੜ ਚੁੱਕੇ ਦੇਵ ਰਾਜ ਸੰਧੂ ਬਸਪਾ ਵਿਚ ਆਉਣਾ ਚਾਹੁੰਦੇ ਹਨ ਪਰ ਇਹਨਾਂ ਨੂੰ ਵੀ ਬਸਪਾ ਹਾਈਕਮਾਂਡ ਵੱਲੋ ਕੋਈ ਪਾਜੀਟਿਵ ਹੁੰਗਾਰਾ ਨਹੀ ਮਿਲਿਆ ਇਸ ਦੇ ਕੀ ਮਤਲਬ ਕੱਢੇ ਜਾ ਸਕਦੇ ਹਨ। ਇਸ ਤਰਾਂ ਨਿਰਾਸ਼ਾ ਦੇ ਆਲਮ ਵਿਚ ਜੰਮੂ ਕਸ਼ਮੀਰ ਤੇ ਹਿਮਾਚਲ ਦੇ ਬਸਪਾ ਦੇ ਸਾਬਕਾ ਇੰਚਾਰਜ ਭਗਵਾਨ ਸਿੰਘ ਚੋਹਾਨ ਤੇ ਬਸਪਾ ਦੇ ਸਾਬਕਾ ਪ੍ਰਧਾਨ ਗੁਰਲਾਲ ਸੈਲਾ ਬਸਪਾ ਛੱਡ ਕੇ ਬਹੁਜਨ ਮੁੱਕਤੀ ਪਾਰਟੀ ਵਿਚ ਸ਼ਾਮਿਲ ਹੋ ਗਏ। ਬਸਪਾ ਨੇ 200 ਦੇ ਕਰੀਬ ਸਾਹਿਬ ਕਾਂਸ਼ੀ ਰਾਮ ਦੇ ਬਣਾਏ ਛੋਟੇ ਵੱਡੇ ਲੀਡਰ ਕੱਢੇ ਜਾਂ ਪਾਰਟੀ ਦੀਆਂ ਲੀਡਰ ਮਾਰੂ ਨੀਤੀਆਂ ਤੋ ਪ੍ਰੇਸ਼ਾਨ ਹੋ ਕੇ ਪਾਰਟੀ ਛੱਡ ਗਏ ਹਨ। ਭਾਜਪਾ ਤੇ ਬਸਪਾ ਵਿਚ ਜੇ ਅੰਤਰ ਕੀਤਾ ਜਾਵੇ ਤਾਂ ਭਾਜਪਾ ਨੇ ਆਪਣੇ ਸੰਗਠਨ ਨੂੰ ਵੱਡੇ ਪੱਧਰ ਤੇ ਮਜਬੂਤ ਕੀਤਾ ਤੇ ਰਾਜਾਂ ਦੇ ਸੰਗਠਨ ਨੂੰ ਚਲਾਉਣ ਲਈ ਪੂਰੀ ਪਾਵਰ ਦਿਤੀ ਤੇ ਉਸਦੇ ਮੁਕਾਬਲੇ ਬਸਪਾ ਨੇ ਮਾਇਆਵਤੀ ਦੇ ਕਾਲ ਵਿਚ ਆਪਣਾ ਰਾਜਾਂ ਵਿਚ ਲਗਾਤਾਰ ਸੰਗਠਨ ਕਮਜੋਰ ਕੀਤਾ ਤੇ ਇਸਦਾ ਅੰਦਾਜਾ ਇਸ ਗੱਲੋ ਹੀ ਲਾਇਆ ਜਾ ਸਕਦਾ ਹੈ ਕਿ ਜਦੋਂ ਪਾਰਟੀ ਦੀਆਂ ਮੀਟਿੰਗਾਂ ਵਿਚ ਪਾਰਟੀ ਨੂੰ ਅੱਗੇ ਵਧਾਉਣ ਲਈ ਕਿਸੇ ਆਗੂ ਨੂੰ ਕੋਈ ਜਿੰਮੇਵਾਰੀ ਵਾਲਾ ਅਹੁੱਦਾ ਦੇਣ ਦੀ ਗੱਲ ਕੀਤੀ ਜਾਂਦੀ ਹੈ ਤਾਂ ਮਾਇਆਵਤੀ ਦਾ ਨਾਮ ਲੈ ਕੇ ਗੱਲ ਨੂੰ ਠੱਪ ਕਰ ਦਿਤਾ ਜਾਂਦਾ ਹੈ।

ਇਸ ਤੋ ਇਲਾਵਾ ਹੋਰ ਵੀ ਕਈ ਕਾਰਨ ਹਨ ਜਿਸ ਨਾਲ ਬਸਪਾ ਸੱਤਾ ਤੋ ਮੀਲਾਂ ਦੂਰ ਹੋ ਗਈ। ਪਰ ਹੁੱਣ ਕਈ ਬਹੁਜਨ ਸਮਾਜ ਦੇ ਚਿੰਤਕ ਬਸਪਾ ਦੇ ਮੋਜੂਦਾ ਤੇ ਸਾਬਕਾ ਲੀਡਰਾਂ ਤੇ ਇਹ ਵੀ ਸਵਾਲ ਉਠਾ ਰਹੇ ਹਨ ਕਿ ਸਾਹਿਬ ਕਾਂਸ਼ੀ ਰਾਮ ਤੋ ਬਾਦ ਭਾਰਤ ਵਿਚ ਕੋਈ ਲੀਡਰ ਉਹਨਾਂ ਦੀ ਜਗਾ ਕਿਉਂ ਨਹੀ ਲੈ ਸਕਿਆ ਬਸਪਾ ਤੋ ਇਲਾਵਾ ਹੋਰ ਕਿਸੇ ਬੈਨਰ ਤੋ ਮੂ-ਵਮੈਂਟ ਕਿਓਂ ਨਹੀ ਚਲਾ ਸਕਿਆ। ਬਸਪਾ ਵੱਲੋ ਤਿਆਰ ਕੀਤੇ ਲੀਡਰ ਕਿਉਂ ਦੂਜੀਆਂ ਪਾਰਟੀਆਂ ਵਿਚ ਜਾ ਕੇ ਉਹਨਾਂ ਬਹੁਜਨ ਵਿਰੋਧੀ ਪਾਰਟੀਆਂ ਦੇ ਝੋਲੀ ਚੁੱਕ ਬਣ ਗਏ ਚਾਹੇ ਕਿ ਉਹ ਐਮ ਐਲ ਏ, ਐਮ ਪੀ ,ਵੀ ਜਾ ਕੇ ਬਣੇ ਪਰ ਉਹ ਕਾਂਸ਼ੀ ਰਾਮ ਦੇ ਕੇਡਰ-ਰਾਈਜ ਸਨ ਉਹ ਕਿਉਂ ਨਹੀ ਮੂਵਮੈਂਟ ਤੋ ਭਟਕੀ ਹੋਈ ਬਸਪਾ ਵੱਲੋ ਛੱਡੇ ਅੰਬੇਡਕਰੀ ਅੰਦੋਲਨ ਨੂੰ ਅੱਗੇ ਲਿਜਾ ਸਕੇ। ਉਹ ਕਿਊ ਨਹੀ ਇਕ ਪਲੇਟਫਾਰਮ ਤੇ ਇੱਕਠੇ ਹੋਏ ਇਹ ਸਵਾਲ ਉਹਨਾਂ ਦੇ ਦਰਵਾਜੇ ਤੇ ਵੀ ਖੜਾ ਹੈ ਜਿਸ ਦਾ ਸ਼ਾਇਦ ਹੀ ਉਹਨਾਂ ਕੋਲ ਜਵਾਬ ਹੋਵੇ। ਕੀ ਉਹਨਾਂ ਦਾ ਐਮ ਐਲ ਏ ਬਣਨਾ ਹੀ ਜਿੰਦਗੀ ਦਾ ਮਿਸ਼ਨ ਸੀ ਕਿਉਂ ਕਿ ਐਮ ਐਲ ਏ ਤੇ ਕਿਸੇ ਵੀ ਰਾਜਨੀਤਿਕ ਧਿਰ ਵਿਚ ਜਾ ਕੇ ਬਣਿਆ ਜਾ ਸਕਦਾ ਹੈ ਪਰ ਨਾਗਨਾਥ ਤੇ ਸਾਪਨਾਥ ਕੋਲ ਜਾ ਕੇ ਅੰਬੇਡਕਰੀ ਮਿਸ਼ਨ ਨਹੀ ਚਲਾਇਆ ਜਾ ਸਕਦਾ। ਉਥੇ ਜਾ ਕੇ ਪਰਿਵਾਰ ਜਰੂਰ ਪਾਲਿਆ ਜਾ ਸਕਦਾ ਹੈ ਜੋ ਜਾਨਵਰ ਵੀ ਪਾਲਦੇ ਹਨ ਪਰ ਉਹਨਾਂ ਨੂੰ ਇਤਿਹਾਸ ਯਾਦ ਨਹੀ ਕਰਦਾ। ਕਿਉਂ ਕਿ ਇਤਿਹਾਸ ਵਿਚ ਤਾਂ ਉਹਨਾਂ ਦੇ ਹੀ ਨਾਮ ਰਹਿੰਦੇ ਹਨ ਜੋ ਸਮਾਜ ਤੇ ਦੇਸ਼ ਲਈ ਆਪਣੀ ਜਿੰਦਗੀ ਦੀ ਕੁਰਬਾਨੀ ਦਿੰਦੇ ਹਨ। 1000 ਐਮ ਐਲ ਏ ਪੂਰੇ ਦੇਸ਼ ਵਿਚ ਬਾਬਾ ਸਾਹਿਬ ਦੇ ਬਣਾਏ ਸੰਵਿਧਾਨ ਰਾਹੀ ਰਿਜਰਵੇਸ਼ਨ ਦੇ ਕੋਟੇ ਚੋ ਬਣਦੇ ਹਨ। ਬਾਬਾ ਸਾਹਿਬ ਨੇ ਰਾਜਨੀਤਿਕ ਰਿਜਰਵੇਸ਼ਨ ਇਸ ਕਰਕੇ ਲੈ ਕੇ ਦਿਤੀ ਸੀ ਕਿ ਇਹ ਲੀਡਰ ਵਿਧਾਨ ਸਭਾ ਤੇ ਲੋਕ ਸਭਾ ਵਿਚ ਜਾ ਕੇ ਪੱਛੜੇ ਸਮਾਜ ਦੀ ਗੱਲ ਕਰਨਗੇ ਪਰ ਹੋਇਆ ਇਸਦੇ ਉਲੱਟ। ਇਹ ਬਾਬਾ ਸਾਹਿਬ ਦਾ ਮਿਸ਼ਨ ਜਿੱਤ ਕੇ ਭੁੱਲ ਗਏ ਤੇ ਉਕਤ ਰਾਜਨੀਤਿਕ ਪਾਰਟੀਆਂ ਦੀਆਂ ਚਮਚਾਗਿਰੀ ਵਿਚ ਮਸ਼ਰੂਫ ਹੋ ਗਏ ਸਮਾਜ ਦੇ ਦੁੱਖ ਦਰਦਾਂ ਤੋ ਇਹਨਾਂ ਮੂੰਹ ਫੇਰ ਲਿਆ ਪਰ ਜਿਸ ਤਰਾਂ ਸੰਘ ਦਾ ਰਾਜ ਪੂਰੇ ਦੇਸ਼ ਵਿਚ ਰਾਜ ਆ ਰਿਹਾ ਹੈ ਤੇ ਭਾਜਪਾ ਦੇ ਮੰਤਰੀਆਂ ਵੱਲੋ ਤੇ ਉਹਨਾਂ ਦੇ ਲੀਡਰਾਂ ਵੱਲੋ ਲਗਾਤਾਰ ਸੰਵਿਧਾਨ ਤੇ ਹਮਲੇ ਹੋ ਰਹੇ ਹਨ। ਰਾਜ ਸਭਾ ਵਿਚ ਬਹੁਮਤ ਹੋਣ ਤੋ ਬਾਦ ਉਹ ਫਿਰ ਜਦੋ ਚਾਹੇ ਸੰਵਿਧਾਨ ਬਦਲ ਕੇ ਮੰਨੂ ਦਾ ਵਿਧਾਨ ਲਿਆ ਸਕਦੀ ਹੈ। ਸੋਚਣ ਤੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਹ ਰਿਜਰਵੇਸ਼ਨ ਵਾਲੇ 1000 ਐਮ ਐਲ ਏ ਜੋ ਕਿ ਵਿਧਾਨ ਸਭਾ ਵਿਚ ਜਾ ਕੇ ਸਮਾਜ ਦੇ ਹੱਕ ਵਿਚ ਹਾਅ ਦਾ ਨਾਅਰਾ ਨਹੀ ਮਾਰਦੇ ਇਹਨਾਂ ਨੂੰ ਉਸ ਸੰਵਿਧਾਨ ਵਿਚ ਕਿਤੇ ਜਗਾ ਨਹੀ ਮਿਲੇਗੀ ਇਹਨਾਂ ਦੀ ਹਾਲਤ ਬਿਨਾਂ ਪਾਣੀ ਦੇ ਮਰ ਗਈ ਮੱਛੀ ਵਰਗੀ ਹੋ ਜਾਵੇਗੀ। ਜੋ ਕਿ ਅੱਜ ਉਹਨਾਂ ਪਾਰਟੀਆਂ ਦੇ ਸਕੇ ਬਣੇ ਹੋਏ ਹਨ ਜਿਹੜੇ ਲੋਕ ਬਹੁਜਨ ਸਮਾਜ ਵਿਰਧੀ ਹਨ ਇਸ ਦੇ ਨਾਲ ਹੀ ਮੰਨੂਵਾਦੀ ਲੋਕ ਸਮਾਜ ਦੀ ਹਾਲਤ ਛਾਪਿਆਂ ਤੇ ਗੱਲ ਵਿਚ ਪਾਏ ਕੁੱਜਿਆ ਵਾਲੀ ਕਰ ਦੇਣਗੇ। ਅੱਜ ਸਮੇ ਦੀ ਮੰਗ ਹੈ ਕਿ ਦੇਸ਼ ਵਿਚ ਕਾਂਸ਼ੀ ਰਾਮ ਵਰਗੇ ਸਿਰੜੀ,ਤਿਆਗੀ ਤੇ ਇਮਾਨਦਾਰ ਯੋਧਾ ਅੱਗੇ ਆ ਕੇ ਸਮਾਜ ਦੀ ਅਗਵਾਈ ਕਰੇ ਜੋ ਬਹੁਜਨ ਸਮਾਜ ਨੂੰ ਨਵੀਆਂ ਪੈ ਰਹੀਆਂ ਗੁਲਾਮੀਆਂ ਦੀਆਂ ਜੰਜੀਰਾਂ ਤੋ ਬਚਾ ਸਕੇ।

# ਲੋਕ ਆਗੂ ਮਨਜੀਤ ਧਨੇਰ ਦੀ ਨਿਹੱਕੀ ਉਮਰਕੈਦ ਸਜ਼ਾ ਰੱਦ ਕਰਾਉਣ ਲਈ ਜੁੜਿਆ ਜੁਝਾਰੂ ਮਰਦ,ਔਰਤਾਂ ਦਾ ਕਾਫਲਾ

**ਬਰਨਾਲਾ-** 'ਲੋਕ ਆਗੂ ਮਨਜੀਤ ਧਨੇਰ ਦੀ ਉਮਰ ਕੈਦ ਸਜ਼ਾ ਰੱਦ ਕਰਾਉਣ ਲਈ ਸੰਘਰਸ਼ ਕਮੇਟੀ, ਪੰਜਾਬ' ਦੇ ਸੱਦੇ 'ਤੇ ਅੱਜ ਬਰਨਾਲਾ ਦੀ ਦਾਣਾ ਮੰਡੀ ਵਿੱਚ, ਮਾਲਵੇ ਦੇ ਸਮੁੱਚੇ ਜ਼ਿਲ੍ਹਿਆਂ ਦੇ ਦਹਿ-ਹਜ਼ਾਰਾਂ ਇਨਸਾਫ਼-ਪਸੰਦ ਲੋਕਾਂ ਦਾ ਇਕੱਠ ਹੋਇਆ। ਮਹਿਲਕਲਾਂ ਘੋਲ ਦੇ ਪ੍ਰਮੁੱਖ ਆਗੂ ਮਨਜੀਤ ਸਿੰਘ ਧਨੇਰ ਦੀ, ਝੂਠੇ ਕਤਲ ਕੇਸ ਵਿੱਚ ਹੋਈ ਉਮਰ ਕੈਦ ਸਜ਼ਾ ਰੱਦ ਕਰਾਉਣ ਲਈ ਜੁੜੇ ਵਿਸ਼ਾਲ ਲੋਕ ਇਕੱਠ ਨੂੰ ਸੰਬੋਧਨ ਕਰਦਿਆਂ ਉਪਰੋਕਤ ਸੰਘਰਸ਼ ਕਮੇਟੀ ਦੇ ਕਨਵੀਨਰ ਬੂਟਾ ਸਿੰਘ ਬੁਰਜਗਿੱਲ, ਜੋਗਿੰਦਰ ਸਿੰਘ ਉਗਰਾਹਾਂ, ਰਾਮਿੰਦਰ ਸਿੰਘ ਪਟਿਆਲਾ, ਸਤਨਾਮ ਸਿੰਘ ਅਜਨਾਲਾ, ਜੋਰਾ ਸਿੰਘ ਨਸਰਾਲੀ ਤੇ ਪ੍ਰੇਮਪਾਲ ਕੌਰ ਨੇ ਕਿਹਾ ਕਿ ਜੁਲਾਈ 1997 ਵਿੱਚ ਮਹਿਲਕਲਾਂ ਦੇ ਬਦਨਾਮ ਗੁੰਡਾ ਪਰਿਵਾਰ ਦੇ ਕਾਕਿਆਂ ਨੇ, ਮਹਿਲਕਲਾਂ ਦੀ ਵਿਦਿਆਰਥਣ ਕਿਰਨਜੀਤ ਕੌਰ ਨੂੰ ਅਗਵਾ ਕਰਕੇ ਸਮੂਹਕ ਜਬਰ-ਜਨਾਹ ਤੋਂ ਬਾਅਦ ਉਸ ਦਾ ਕਤਲ ਕਰਕੇ ਉਸ ਦੀ ਲਾਸ਼ ਆਪਣੇ ਖੇਤਾਂ ਵਿੱਚ ਦਬਾ ਦਿੱਤੀ ਸੀ। ਇਸ ਵਹਿਸ਼ੀ ਕਾਰੇ ਦੇ ਖ਼ਿਲਾਫ਼ ਚੱਲਿਆ ਜ਼ੋਰਦਾਰ ਵਿਸ਼ਾਲ ਜਨਤਕ ਸੰਘਰਸ਼, ਸਰਕਾਰੇ-ਦਰਬਾਰੇ ਵੱਡੀ ਪੁੱਗਤ ਰੱਖਣ ਵਾਲੇ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦਿਵਾਉਣ ਵਿੱਚ ਸਫ਼ਲ ਹੋਇਆ ਸੀ। ਪਰ ਕਿਰਨ-ਜੀਤ ਕੌਰ ਦੇ ਜਬਰ-ਜਨਾਹੀ ਕਾਤਲਾਂ ਨੰ ਸਜ਼ਾਵਾਂ ਦਿਵਾਉਣ ਲਈ ਚੱਲ ਰਹੇ ਸੰਘਰਸ਼ ਦੇ ਦੌਰਾਨ ਹੀ, 3 ਮਾਰਚ 2001 ਨੂੰ ਗੁੰਡਾ ਲਾਣੇ ਦੀ ਕਿਸੇ ਪੁਰਾਣੀ ਦੁਸ਼ਮਣੀ ਵਾਲਿਆਂ ਨਾਲ ਬਰਨਾਲਾ ਦੀਆਂ ਕਚਹਿਰੀਆਂ ਵਿੱਚ ਲੜਾਈ ਹੋ ਗਈ ਸੀ ਜਿਸ ਵਿੱਚ ਗੁੰਡਾ ਲਾਣੇ ਦੇ ਇੱਕ 85 ਸਾਲ ਦੇ ਬਜ਼ੁਰਗ ਦੀ ਮੌਤ ਹੋ ਗਈ ਸੀ। ਗੁੰਡਾ-ਪੁਲਿਸ-ਸਿਆਸੀ ਗੱਠਜੋੜ ਨੇ ਬਦਲਾਲਊ ਭਾਵਨਾ ਤਹਿਤ ਮਨਜੀਤ ਸਿੰਘ ਧਨੇਰ, ਨਰੈਣ ਦੱਤ ਤੇ ਪ੍ਰੇਮ ਕੁਮਾਰ ਨੂੰ ਬਿਨਾਂ ਵਜ੍ਹਾ ਉਸ ਕਤਲ ਕੇਸ ਵਿੱਚ ਉਲਝਾ ਲਿਆ



ਸੀ ਤੇ ਮਾਰਚ 2005 ਵਿੱਚ ਬਰਨਾਲਾ ਦੀ ਸ਼ੈਸ਼ਨ ਕੋਰਟ ਨੇ ਝੂਠੀਆਂ ਗਵਾਹੀਆਂ ਦੇ ਆਧਾਰ 'ਤੇ ਉਨ੍ਹਾਂ ਨੂੰ ਉਮਰਕੈਦ ਦੀ ਸਜ਼ਾ ਸੁਣਾ ਦਿੱਤੀ ਸੀ। ਝੂਠੇ ਕਤਲ ਕੇਸ ਵਿੱਚ ਸੁਣਾਈ ਗਈ ਉਮਰਕੈਦ ਸਜ਼ਾ ਨੂੰ ਰੱਦ ਕਰਵਾਉਣ ਲਈ ਚੱਲੇ ਜ਼ੋਰਦਾਰ ਸੰਘਰਸ਼ ਦੇ ਦਬਾਅ ਤਹਿਤ ਬਾਦਲ ਸਰਕਾਰ ਵੇਲੇ ਪੰਜਾਬ ਦੇ ਗਵਰਨਰ ਨੇ ਸਜ਼ਾ ਮੁਆਫ਼ ਕਰ ਦਿੱਤੀ ਸੀ ਪਰ ਬਾਅਦ ਵਿੱਚ ਹਾਈਕੋਰਟ ਨੇ ਨਰੈਣ ਦੱਤ ਅਤੇ ਪ੍ਰੇਮ ਕੁਮਾਰ ਨੂੰ ਬਰੀ ਕਰ ਦਿੱਤਾ ਤੇ ਮਨਜੀਤ ਸਿੰਘ ਧਨੇਰ ਦੀ ਉਮਰਕੈਦ ਸਜ਼ਾ ਮੁੜ ਬਰਕਰਾਰ ਰੱਖ ਦਿੱਤੀ ਸੀ, ਜਿਸ ਦੀ ਜਲਦ ਹੀ ਸੁਪਰੀਮ ਕੋਰਟ ਵਿੱਚ ਸੁਣਵਾਈ ਹੋਣੀ ਹੈ। 2011 ਵਿੱਚ ਸੁਪਰੀਮ ਕੋਰਟ ਨੇ ਗਵਰਨਰ ਪੰਜਾਬ ਨੂੰ ਇਹ ਫ਼ੈਸਲਾ ਮੁੜ-ਵਿਚਾਰਨ ਦੇ ਆਰਡਰ ਕੀਤਾ, ਪਰ ਗਵਰਨਰ ਪੰਜਾਬ ਅਤੇ ਪੰਜਾਬ ਸਰਕਾਰ ਨੇ ਅੱਜ ਤੱਕ ਸਾਜ਼ਿਸ਼ੀ ਚੁੱਪ ਧਾਰੀ ਹੋਈ ਹੈ।

ਬੂਟਾ ਸਿੰਘ ਬੁਰਜਗਿੱਲ ਅਤੇ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸੰਘਰਸ਼ ਕਮੇਟੀ ਨੇ ਪਹਿਲਾਂ 10 ਅਗਸਤ ਨੂੰ ਪੰਜਾਬ ਦੇ ਗਵਰਨਰ ਅਤੇ ਗ੍ਰਹਿ ਵਿਭਾਗ ਪੰਜਾਬ ਨੂੰ ਅਤੇ ਫੇਰ 25 ਅਗਸਤ ਨੂੰ ਪੰਜਾਬ ਦੇ 117 ਵਿਧਾਇਕਾਂ, ਮੰਤਰੀਆਂ ਅਤੇ 13 ਪਾਰਲੀਮੈਂਟ ਮੈਂਬਰਾਂ ਨੂੰ ਇਹ ਮੁੱਦਾ ਵਿਧਾਨ ਸਭਾ ਵਿੱਚ ਉਠਾਉਣ ਲਈ ਮੰਗ ਪੱਤਰ ਦੇ ਚੁੱਕੀ ਹੈ। ਪਰ ਇਹਨਾਂ ਵਿੱਚੋਂ ਕਿਸੇ ਨੇ ਵੀ ਅਜੇ ਤੱਕ ਇਹ ਮੁੱਦਾ ਵਿਧਾਨ ਸਭਾ ਵਿੱਚ ਨਹੀਂ ਉਠਾਇਆ ਜਿਸ ਕਾਰਨ ਸੰਘਰਸ਼ ਕਮੇਟੀ ਇਸ ਮੁੱਦੇ ਨੂੰ ਲੋਕਾਂ ਦੀ ਕਚਹਿਰੀ ਵਿੱਚ ਲੈ ਆਈ ਹੈ। ਉਨ੍ਹਾਂ ਨੇ ਕਿਹਾ ਕਿ ਲੋਕ ਹੀ ਫ਼ੈਸਲਾਕੁੰਨ ਹੁੰਦੇ ਹਨ ਤੇ ਜੇ ਕਰ ਪੰਜਾਬ ਸਰਕਾਰ ਨੇ ਲੋਕਾਂ ਦੀ ਇਸ ਆਵਾਜ਼ ਵੱਲ ਤਵੱਜੋਂ ਦੇ ਕੇ ਮਨਜੀਤ ਸਿੰਘ ਧਨੇਰ ਦੀ ਉਮਰਕੈਦ ਸਜ਼ਾ ਖ਼ਤਮ ਨਾ ਕੀਤੀ ਤਾਂ ਆਉਣ ਵਾਲੇ ਦਿਨਾਂ ਵਿੱਚ ਉਸ ਨੂੰ ਇਸ ਦੀ ਵੱਡੀ ਸਿਆਸੀ ਕੀਮਤ ਅਦਾ ਕਰਨੀ ਪਵੇਗੀ। ਅੱਜ ਦੇ ਵਿਸ਼ਾਲ ਇਕੱਠ ਨੇ ਇੱਕ ਮਤਾ ਪਾਸ ਕਰਕੇ, ਦੇਸ਼ ਦੇ ਪੰਜ ਉੱਘੇ ਬੁੱਧੀਜੀਵੀਆਂ ਤੇ ਜਮਹੂਰੀ ਕਾਰਕੁਨਾਂ ਉੱਪਰ ਦਰਜ ਕੀਤੇ ਝੂਠੇ ਪੁਲਿਸ ਕੇਸ ਰੱਦ ਕਰਨ ਅਤੇ ਉਨ੍ਹਾਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ। ਇਸ ਵਿਸ਼ਾਲ ਇਕੱਠ ਨੂੰ ਹੋਰਨਾਂ ਤੋਂ ਇਲਾਵਾ ਸ਼ਿੰਦਰ ਪਾਲ ਕੌਰ ਭਗਤਾ, ਰੁਲਦੂ ਸਿੰਘ ਮਾਨਸਾ, ਐੱਨ ਕੇ ਜੀਤ, ਗੁਰਦੀਪ ਸਿੰਘ ਵੈਰੋਕੇ, ਗੁਰਮੀਤ ਸਿੰਘ ਸੁਖਪੁਰ, ਰਾਜਿੰਦਰ ਭਦੌੜ, ਕੰਵਲਜੀਤ ਸਿੰਘ ਖੰਨਾ, ਹਰਜਿੰਦਰ ਕੌਰ ਬਿੰਦੂ, ਮਹਿਮਾ ਸਿੰਘ, ਕੁਲਵੰਤ ਰਾਏ ਆਦਿ ਨੇ ਸੰਬੋਧਨ ਕੀਤਾ। ਕੁਲਵੰਤ ਸਿੰਘ ਕਿਸ਼ਨਗੜ੍ਹ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਈ।

# ਸੁਣਾਇਆ ਜਾ ਰਿਹਾ ਵਿਕਾਸ ਦਿੱਸਦਾ ਨਹੀਂ

ਅੰਗ-ਸੰਗ



ਸ਼ਾਮ ਸਿੰਘ
98141-13338

**ਸਿਆਸਤਦਾਨ ਹੁਕਮਰਾਨ ਬਣਨ ਤੋਂ ਬਾਅਦ ਵੀ ਸਰਕਾਰ ਦੇ ਬਰਾਬਰ ਹੀ ਆਪਣੇ ਕਾਰੋਬਾਰ ਚਲਾਉਂਦੇ ਰਹਿੰਦੇ ਹਨ, ਜਿਸ ਕਾਰਨ ਸਰਕਾਰੀ ਖ਼ਜ਼ਾਨੇ ਦਿਨੇ-ਦੀਵੀਂ ਲੁੱਟੇ ਜਾਂਦੇ ਰਹਿੰਦੇ ਹਨ ਅਤੇ ਜਨਤਾ ਵਿਚਾਰੀ ਕੁਝ ਨਹੀਂ ਕਰ ਸਕਦੀ। ਕਿਸਾਨਾਂ ਅਤੇ ਮਜ਼ਦੂਰਾਂ ਦੇ ਕਰਜ਼ੇ ਮਾਫ਼ ਕਰਨੇ ਏਨੇ ਜ਼ਰੂਰੀ ਨਹੀਂ, ਜਿੰਨੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣੇ। ਜੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਦਿੱਤੇ ਜਾਣ ਤਾਂ ਉਹ ਆਪਣੀ ਕਮਾਈ ਨਾਲ ਆਪਣੇ ਮਾਂ-ਪਿਉ ਸਿਰ ਚੜ੍ਹੇ ਕਰਜ਼ੇ ਆਪੇ ਉਤਾਰ ਦੇਣਗੇ। ਅਜਿਹਾ ਹੋਣ ਨਾਲ ਸਰਕਾਰੀ ਖ਼ਜ਼ਾਨੇ ਦੀ ਅੰਵਾਈਂ ਲੁੱਟ ਵੀ ਨਹੀਂ ਹੋਵੇਗੀ ਅਤੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਵੀ ਮਿਲ ਜਾਣਗੇ, ਜਿਨ੍ਹਾਂ ਨਾਲ ਪਰਵਾਰਾਂ ਦੇ ਪਰਵਾਰ ਸੌਖਿਆਂ ਹੋ ਜਾਣਗੇ।**

ਦੇਸ਼ ਦੇ ਸਿਆਸਤਦਾਨ ਅਤੇ ਹੁਕਮਰਾਨ ਉੱਚੀ ਸੁਰ ਵਿੱਚ ਨਿੱਤ ਦਿਨ ਮੁਲਕ ਵਿਚਲੇ ਹਾਲਾਤ ਬਾਰੇ ਬੋਲਦਿਆਂ ਵਿਕਾਸ ਦੀ ਚਰਚਾ ਕਰਦੇ ਹਨ, ਪਰ ਉਹ ਧਰਤੀ ’ਤੇ ਕਿਧਰੇ ਦਿੱਸਦਾ ਨਹੀਂ। ਦਿੱਸੇ ਤਾਂ ਜੇ ਹੋਇਆ ਹੋਵੇ, ਪਰ ਹਰ ਪੰਜ ਸਾਲ ਬਾਅਦ ਵੋਟਾਂ ਹਾਸਲ ਕਰਨ ਲਈ ਹਰ ਸਿਆਸੀ ਪਾਰਟੀ ਦੇ ਬੁਲਾਰੇ ਆਪੋ-ਆਪਣੀਆਂ ਪ੍ਰਾਪਤੀਆਂ ਦੇ ਵੇਰਵੇ ਵੀ ਪੇਸ਼ ਕਰਦੇ ਹਨ ਅਤੇ ਲੁਭਾਉਣੇ ਵਾਅਦੇ ਵੀ ਕਰਦੇ ਹਨ, ਤਾਂ ਕਿ ਲੋਕਾਂ ਨੂੰ ਆਪੋ-ਆਪਣੇ ਵੱਲ ਖਿੱਚਿਆ ਜਾ ਸਕੇ।

ਸੜਕਾਂ, ਨਹਿਰਾਂ, ਪੁਲ, ਬੱਸ ਅੱਡੇ, ਰੇਲਵੇ ਸਟੇਸ਼ਨ ਅਤੇ ਹਵਾਈ ਅੱਡੇ ਬੁਨਿਆਦੀ ਸਹੂਲਤਾਂ ਹਨ, ਜਿਨ੍ਹਾਂ ਦੀ ਉਸਾਰੀ ਸਰਕਾਰ ਦਾ ਕੰਮ ਹੈ, ਪਰ ਕੇਵਲ ਇਸ ਨੂੰ ਹੀ ਵਿਕਾਸ ਮੰਨ ਲੈਣਾ ਸਹੀ ਨਹੀਂ। ਇਹ ਵਿਕਾਸ ਦਾ ਹਿੱਸਾ ਤਾਂ ਹਨ, ਪਰ ਇਸ ਨਾਲ ਵਿਕਾਸ ਮੁਕੰਮਲ ਨਹੀਂ ਹੋ ਜਾਂਦਾ। ਜਿਹੜੇ ਇਸ ਕੁਝ ਨੂੰ ਹੀ ਵਿਕਾਸ ਸਮਝ ਕੇ ਇਸ ਦਾ ਢੰਡੋਰਾ ਪਿੱਟਦੇ ਹਨ, ਉਹ ਸਮੇਂ ਨਾਲ ਵੀ ਇਨਸਾਫ਼ ਨਹੀਂ ਕਰਦੇ ਅਤੇ ਜਨਤਾ ਨਾਲ ਵੀ ਨਹੀਂ।

ਗਲੀਆਂ-ਨਾਲੀਆਂ ਅਤੇ ਫਿਰਨੀਆਂ ਦੀ ਹਾਲਤ ਸੁਧਾਰ ਕੇ ਫੁੰਕਾਰੇ ਮਾਰਨੇ ਅਕਲਮੰਦੀ ਨਹੀਂ। ਜੇ ਸਰਕਾਰ ਨੇ ਅਜਿਹੇ ਕੰਮ ਹੀ ਨਹੀਂ ਕਰਵਾਉਣੇ ਤਾਂ ਹੋਰ ਸਰਕਾਰ ਕੀ ਕਰੇਗੀ? ਇਹ ਤਾਂ ਆਮ ਜਿਹੇ ਕੰਮ ਹਨ, ਜਿਨ੍ਹਾਂ ਤੋਂ ਸਿਆਸੀ ਲਾਹਾ ਨਹੀਂ ਲਿਆ ਜਾਣਾ ਚਾਹੀਦਾ। ਸੀਵਰੇਜ ਵਿਛਾਉਣਾ, ਬਿਜਲੀ ਦੇਣਾ ਅਤੇ ਹੋਰ ਬੁਨਿਆਦੀ ਸਹੂਲਤਾਂ ਘਰ-ਘਰ ਪੁਚਾਉਣਾ ਸਰਕਾਰ ਦਾ ਕੰਮ ਹੈ, ਜਿਸ ਦਾ ਅਹਿਸਾਨ ਨਹੀਂ ਜਤਾਉਣਾ ਚਾਹੀਦਾ।

ਸਕੂਲਾਂ, ਕਾਲਜਾਂ, ਮਹਾਂਵਿਦਿਆਲਿਆਂ ਦੀ ਹਾਲਤ ਠੀਕ ਨਾ ਹੋਵੇ ਤਾਂ ਵਿਦਿਆਰਥੀਆਂ ਨੂੰ ਜਾਣਕਾਰੀ ਅਤੇ ਗਿਆਨ ਹਾਸਲ ਨਹੀਂ ਹੋ ਸਕਦੇ। ਇਨ੍ਹਾਂ ਤੋਂ ਬਿਨਾਂ ਡਿਗਰੀਆਂ ਅਤੇ ਡਿਪਲੋਮੇ ਚੁੱਕੀ ਫਿਰਨੇ ਕਿਸੇ ਕੰਮ ਨਹੀਂ। ਪੜ੍ਹਾਈ ਦੇ ਖ਼ਰਚੇ ਵੱਧ ਹੋ ਜਾਣ, ਤਾਂ ਵੀ ਵਿਦਿਆਲੇ ਹਰ ਇੱਕ ਦੀ ਪਹੁੰਚ ਵਿੱਚ ਨਹੀਂ ਰਹਿੰਦੇ। ਜਿਹੜੇ ਮਾਪੇ ਫੇਰ ਵੀ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹਨ, ਉਨ੍ਹਾਂ ਦੇ ਕੀਤੇ ਸਰਫ਼ੇ ਦੀ ਵੀ ਕਦਰ ਨਹੀਂ ਹੁੰਦੀ।

ਦੇਸ ਦੀ ਗੱਲ ਪਾਸੇ ਰੱਖਦਿਆਂ ਇਕੱਲੇ ਪੰਜਾਬ ਵਿੱਚ ਹੀ ਬੇਰੁਜ਼ਗਾਰ ਨੌਜਵਾਨਾਂ ਦੀ ਫ਼ੌਜ ਲੱਖਾਂ ਦੀ ਗਿਣਤੀ ਵਿੱਚ ਹੈ, ਜਿਹੜੇ ਬੇਆਸ ਵੀ ਹਨ ਅਤੇ ਨਿਰਾਸ਼ ਵੀ। ਘਰ-ਘਰ ਨੌਕਰੀ ਦੇਣ ਦੇ ਕੀਤੇ ਵਾਅਦਿਆਂ ਮਗਰੋਂ ਵੀ ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈਂਦਾ, ਜਿਸ ਕਾਰਨ ਉਹ ਕਈ ਤਰ੍ਹਾਂ ਦੀਆਂ ਬੁਰਾਈਆਂ ਵਿੱਚ ਗਲਤਾਨ ਹੋ ਜਾਂਦੇ ਹਨ, ਜਿਨ੍ਹਾਂ ਦੇ ਦਾਇਰੇ ਤੋਂ ਨਸ਼ੇ ਵੀ ਬਾਹਰ ਨਹੀਂ।

ਹਸਪਤਾਲ ਜ਼ਿੰਦਗੀ ਨੂੰ ਅਰੋਗ ਕਰਨ ਵਾਲੇ ਅਤੇ ਬਚਾਉਣ ਵਾਲੇ ਹਨ, ਪਰ ਉਹ ਆਪ ਤੰਦਰੁਸਤ ਨਹੀਂ। ਉੱਥੇ ਨਾ ਡਾਕਟਰ ਮਿਲਦੇ ਹਨ ਅਤੇ ਨਾ ਹੀ ਦਵਾਈਆਂ। ਫੇਰ ਉਹ ਕੇਹੇ ਹਸਪਤਾਲ ਅਤੇ ਕੇਹੇ ਅਰੋਗ ਕੇਂਦਰ, ਜੋ ਜ਼ਿੰਦਗੀ ਨੂੰ ਬਚਾ ਸਕਣ?

ਗ਼ਰੀਬ ਸਿਰਫ਼ ਵੋਟਾਂ ਵੇਲੇ ਦਿੱਸਦੇ ਹਨ, ਜਦੋਂ ਉਨ੍ਹਾਂ ਅੱਗੇ ਹੱਥ ਜੋੜ ਕੇ ਵਕਤ ਸਾਰ ਲਿਆ ਜਾਂਦਾ ਹੈ, ਅੱਗੇ-ਪਿੱਛੇ ਉਨ੍ਹਾਂ ਦੀ ਯਾਦ ਹੀ ਨਹੀਂ ਆਉਂਦੀ। ਗ਼ਰੀਬੀ ਨੂੰ ਮਿਟਾਉਣ ਲਈ ਜ਼ੁਬਾਨੀ ਹੀ ਜਮ੍ਹਾਂ-ਖ਼ਰਚ ਕੀਤਾ ਜਾਂਦਾ ਹੈ, ਪਰ ਅੱਗੋਂ-ਪਿੱਛੋਂ ਦਾਲ-ਰੋਟੀ ਤੋਂ ਅੱਗੇ ਸੋਚਿਆ ਨਹੀਂ ਜਾਂਦਾ। ਹਾਕਮਾਂ ਦੀ ਅਜਿਹੀ ਸੋਚ ਉਨ੍ਹਾਂ ਦੀ ਆਪਣੀ ਬੌਧਿਕ ਕੰਗਾਲੀ ਹੈ, ਜੋ ਸੁਣਦੀ ਵੀ ਹੈ ਅਤੇ ਦਿੱਸਦੀ ਵੀ।

ਅਨਪੜ੍ਹਤਾ ਨੂੰ ਖ਼ਤਮ ਕਰਨ ਲਈ ਕੋਈ ਜਤਨ ਨਹੀਂ ਕੀਤੇ ਜਾਂਦੇ, ਕਿਉਂਕਿ ਲੋਕ ਜਿੰਨੇ ਅਨਪੜ੍ਹ ਹੋਣਗੇ, ਓਨਾ ਹੀ ਵੋਟਾਂ ਵੇਲੇ ਵੱਧ ਕੰਮ ਆਉਣਗੇ। ਉਨ੍ਹਾਂ ਦੀ ਬੇਸਮਝੀ ਸਿਆਸਤਦਾਨਾਂ ਦੇ ਕੰਮ ਆਵੇਗੀ, ਜਿਸ ਕਾਰਨ ਉਹ ਅਨਪੜ੍ਹਤਾ ਨੂੰ ਖ਼ਤਮ ਕਰਨ ਲਈ ਠੋਸ ਕਦਮ ਨਹੀਂ ਉਠਾਉਣਗੇ। ਅਜਿਹਾ ਕਰਨਾ ਦੇਸ਼ ਦੇ ਬਹੁਤ ਲੋਕਾਂ ਨਾਲ ਵੱਡਾ ਅਨਿਆਂ ਹੈ, ਜੋ ਕਿ ਨਹੀਂ ਹੋਣਾ ਚਾਹੀਦਾ।

ਸਿਆਸਤਦਾਨ ਹੁਕਮਰਾਨ ਬਣਨ ਤੋਂ ਬਾਅਦ ਵੀ ਸਰਕਾਰ ਦੇ ਬਰਾਬਰ ਹੀ ਆਪਣੇ ਕਾਰੋਬਾਰ ਚਲਾਉਂਦੇ ਰਹਿੰਦੇ ਹਨ, ਜਿਸ ਕਾਰਨ ਸਰਕਾਰੀ ਖ਼ਜ਼ਾਨੇ ਦਿਨੇ-ਦੀਵੀਂ ਲੁੱਟੇ ਜਾਂਦੇ ਰਹਿੰਦੇ ਹਨ ਅਤੇ ਜਨਤਾ ਵਿਚਾਰੀ ਕੁਝ ਨਹੀਂ ਕਰ ਸਕਦੀ।

ਕਿਸਾਨਾਂ ਅਤੇ ਮਜ਼ਦੂਰਾਂ ਦੇ ਕਰਜ਼ੇ ਮਾਫ਼ ਕਰਨੇ ਏਨੇ ਜ਼ਰੂਰੀ ਨਹੀਂ, ਜਿੰਨੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣੇ। ਜੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਦਿੱਤੇ ਜਾਣ ਤਾਂ ਉਹ ਆਪਣੀ ਕਮਾਈ ਨਾਲ ਆਪਣੇ ਮਾਂ-ਪਿਉ ਸਿਰ ਚੜ੍ਹੇ ਕਰਜ਼ੇ ਆਪੇ ਉਤਾਰ ਦੇਣਗੇ। ਅਜਿਹਾ ਹੋਣ ਨਾਲ ਸਰਕਾਰੀ ਖ਼ਜ਼ਾਨੇ ਦੀ ਅੰਵਾਈਂ ਲੁੱਟ ਵੀ ਨਹੀਂ ਹੋਵੇਗੀ ਅਤੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਵੀ ਮਿਲ ਜਾਣਗੇ, ਜਿਨ੍ਹਾਂ ਨਾਲ ਪਰਵਾਰਾਂ ਦੇ ਪਰਵਾਰ ਸੌਖਿਆਂ ਹੋ ਜਾਣਗੇ।

ਮੁੱਕਦੀ ਗੱਲ ਇਹ ਕਹੀ ਜਾ ਸਕਦੀ ਹੈ ਕਿ ਵਿਕਾਸ ਕੇਵਲ ਸੁਣਾਇਆ ਨਹੀਂ ਜਾਣਾ ਚਾਹੀਦਾ, ਦਿੱਸਣਾ ਚਾਹੀਦਾ ਹੈ, ਤਾਂ ਕਿ ਸਹੀ ਅਰਥਾਂ ਵਿੱਚ ਮੰਨਿਆਂ ਜਾ ਸਕੇ। ਲੋਕਾਂ ਦਾ ਜੀਵਨ ਪੱਧਰ ਕਿੰਨਾ ਕੁ ਉੱਚਾ ਚੁੱਕਿਆ ਗਿਆ ਹੈ, ਇਸ ਤੋਂ ਹੀ ਪਤਾ ਲੱਗ ਸਕਦਾ ਹੈ ਕਿ ਵਿਕਾਸ ਹੋਇਆ ਹੈ ਕਿ ਨਹੀਂ। ਕੇਵਲ ਅੰਕੜੇ ਗਿਣਾਉਣ ਨਾਲ ਜਨਤਾ ਦਾ ਦਿਲ ਨਹੀਂ ਬਹਿਲਾਇਆ ਜਾ ਸਕਦਾ, ਅਸਲ ਅਤੇ ਅਮਲ ਵਿੱਚ ਵਿਕਾਸ ਕਰ ਕੇ ਦਿਖਾਉਣਾ ਪਵੇਗਾ।

ਕੇਂਦਰ ਦੀ ਸਰਕਾਰ ਹੋਵੇ ਜਾਂ ਫੇਰ ਰਾਜਾਂ ਦੀਆਂ ਸਰਕਾਰਾਂ ਹੋਣ, ਉਨ੍ਹਾਂ ਨੂੰ ਹੁਣ ਲਿਫ਼ਾਫ਼ੇਬਾਜ਼ੀ ਅਤੇ ਲਾਰੇਬਾਜ਼ੀ ਛੱਡ ਕੇ ਲੋਕ ਹਿੱਤ ਦੇ ਕੰਮ ਸ਼ੁਰੂ ਕਰਨੇ ਚਾਹੀਦੇ ਹਨ, ਤਾਂ ਜੁ ਜਨਤਾ ਨੂੰ ਵਾਰ-ਵਾਰ ਬੁੱਧੂ ਨਾ ਬਣਾਇਆ ਜਾਵੇ। ਸਿਆਸਤਦਾਨਾਂ ਅਤੇ ਹੁਕਮਰਾਨਾਂ ਨੂੰ ਹੁਣ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਕੇਵਲ ਝੂਠ ਬੋਲ ਕੇ ਹੀ ਕੰਮ ਨਹੀਂ ਚੱਲ ਸਕਦਾ, ਸਗੋਂ ਸੱਚ ਦੀ ਸਰਜ਼ਮੀਨ ’ਤੇ ਸੱਚ ਦਿਖਾਉਣਾ ਪਵੇਗਾ।

ਚੰਗਾ ਹੋਵੇ, ਜੇ ਹਵਾਈ ਅੱਡੇ ਕਾਇਮ ਕਰਨ ਦੇ ਦਮਗਜੇ ਮਾਰਨ ਵਾਲੇ ਲੋਕਾਂ ਨੂੰ ਹਵਾਈ ਜਹਾਜ਼ਾਂ ਵਿੱਚ ਸਫ਼ਰ ਕਰਨ ਦੇ ਸਮਰੱਥ ਬਣਾਉਣ ਵਾਸਤੇ ਉਨ੍ਹਾਂ ਨੂੰ ਆਰਥਿਕ ਤੌਰ ’ਤੇ ਮਜ਼ਬੂਤ ਬਣਾਉਣ ਲਈ ਅਮਲ ਵਿੱਚ ਸਾਰਥਿਕ ਕਦਮ ਉਠਾਉਣ, ਤਾਂ ਕਿ ਚੱਲ ਰਿਹਾ ਲਾਰੇਬਾਜ਼ੀ ਦਾ ਵਰਤਾਰਾ ਖ਼ਤਮ ਹੋਵੇ। ਜ਼ਰੂਰੀ ਹੈ ਕਿ ਵਿਕਾਸ ਸੁਣਾਇਆ ਹੀ ਨਾ ਜਾਵੇ, ਸਗੋਂ ਕੀਤਾ ਜਾਣਾ ਵੀ ਜ਼ਰੂਰੀ ਹੈ, ਦਿੱਸਣਾ ਵੀ।

### ਬੇਅਦਬੀ ’ਤੇ ਸਿਆਸਤ

ਗੁਰੂ ਗ੍ਰੰਥ ਸਾਹਿਬ ਦੀ ਕੀਤੀ ਗਈ ਬੇਅਦਬੀ ਸਹਾਰਨ ਯੋਗ ਨਹੀਂ। ਇਸ ਲਈ ਕਿ ਇਹ ਕੇਵਲ ਕਿਤਾਬ ਨਹੀਂ, ਸਗੋਂ ਸਤਿਕਾਰਤ ਗ੍ਰੰਥ ਹੈ, ਜਿਸ ਨੂੰ ਦੁਨੀਆ ਭਰ ਵਿੱਚ ਏਨਾ ਆਦਰ ਦਿੱਤਾ ਜਾਂਦਾ ਹੈ, ਜਿੰਨਾ ਹੋਰ ਕਿਸੇ ਵੀ ਗ੍ਰੰਥ ਨੂੰ ਨਹੀਂ ਦਿੱਤਾ ਜਾਂਦਾ।

ਭਾਵੇਂ ਹਰ ਧਰਮ ਦੇ ਗ੍ਰੰਥ ਸਤਿਕਾਰ ਦੇ ਪਾਤਰ ਹਨ, ਪਰ ਕਿਸੇ ਨੂੰ ਵੀ ਗੁਰੂ ਦਾ ਦਰਜਾ ਹਾਸਲ ਨਹੀਂ।

ਬੇਅਦਬੀ ਦਾ ਮਾਮਲਾ ਗੰਭੀਰ ਹੈ, ਜਿਸ ਬਾਰੇ ਕੁਝ ਪੰਥਕ ਧਿਰਾਂ ਗੰਭੀਰਤਾ ਅਤੇ ਵਿਸ਼ਵਾਸ ਨਾਲ ਮੋਰਚਾ ਲਾਈ ਬੈਠੀਆਂ ਹਨ, ਤਾਂ ਜੁ ਨਿਆਂ ਹਾਸਲ ਕੀਤਾ ਜਾ ਸਕੇ। ਉਨ੍ਹਾਂ ਦੀਆਂ ਮੰਗਾਂ ਸਾਫ਼ ਤੇ ਸਪੱਸ਼ਟ ਹਨ, ਜਿਹੜੀਆਂ ਪੂਰੀਆਂ ਹੋਣ ’ਤੇ ਸੰਗਤਾਂ ਦੇ ਹਿਰਦੇ ਠੰਢੇ ਹੋ ਸਕਣਗੇ।

ਹੁਣ ਇਸ ਮਸਲੇ ’ਤੇ ਸਿਆਸਤ ਹੋਣ ਲੱਗ ਪਈ ਹੈ, ਜੋ ਕਿਸੇ ਤਰ੍ਹਾਂ ਵੀ ਠੀਕ ਨਹੀਂ। ਇਹ ਵਿਸ਼ਵਾਸ, ਧਰਮ ਅਤੇ ਸ਼ਰਧਾ ਦਾ ਮਾਮਲਾ ਹੈ, ਇਸ ’ਤੇ ਸਿਆਸਤ ਨਹੀਂ ਕੀਤੀ ਜਾਣੀ ਚਾਹੀਦੀ, ਨਹੀਂ ਹੋਣੀ ਚਾਹੀਦੀ।

ਜੇ ਸਿਆਸੀ ਪਾਰਟੀਆਂ ਨੇ ਆਪਣੇ ਅਕੀਦੇ ਮੁਤਾਬਕ ਬੇਅਦਬੀ ਦੇ ਮਾਮਲੇ ਉੱਤੇ ਬੋਲਣਾ ਹੈ ਜਾਂ ਕੁਝ ਕਰਨਾ ਹੈ ਤਾਂ ਉਨ੍ਹਾਂ ਨੂੰ ਸ਼ਰਧਾ ਦੇ ਅਧੀਨ ਰਹਿ ਕੇ ਅਮਨ-ਚੈਨ ਦੇ ਰਾਹ ’ਤੇ ਤੁਰਨਾ ਚਾਹੀਦਾ ਹੈ, ਤਾਂ ਜੁ ਪੰਜਾਬ ਦੇ ਹਾਲਾਤ ਖ਼ਰਾਬ ਨਾ ਹੋਣ ਅਤੇ ਹੋਰ ਖਲਾਰਾ ਨਾ ਪੈ ਜਾਵੇ।

ਸਰਕਾਰ ਅਕਲ ਦੀ ਵਰਤੋਂ ਕਰਦਿਆਂ ਬੇਅਦਬੀ ਦੇ ਮਸਲੇ ਨੂੰ ਤੁਰੰਤ ਅਤੇ ਸਹੀ ਤਰ੍ਹਾਂ ਨਿਪਟਾਵੇ, ਤਾਂ ਜੁ ਲੋਕਾਂ ਨੂੰ ਸੰਤੁਸ਼ਟੀ ਮਿਲ ਸਕੇ ਅਤੇ ਸ਼ੋਰ ਬੰਦ ਹੋ ਸਕੇ।

### ਲਤੀਫ਼ੇ ਦਾ ਚਿਹਰਾ-ਮੋਹਰਾ

ਮਿੱਤਰ ਹਸਪਤਾਲ ’ਚ ਆਪਣੇ ਮਿੱਤਰ ਦੇ ਭਰਾ ਦਾ ਹਾਲ ਪੁੱਛਣ ਗਿਆ ਅਤੇ ਬੋਲਿਆ, ‘ਵਿਸ਼ ਯੂ ਅਰਲੀ ਰਿਕਵਰੀ।’

ਉਸ ਦੇ ਬੈਠਿਆਂ ਹੀ ਬੀਮਾਰ ਦਾ ਗਵਾਂਢੀ ਆ ਗਿਆ, ਜੋ ਬੀਮਾਰ ਦੇ ਭਰਾ ਨੂੰ ਬੋਲਿਆ, ‘ਬਈ ਜ਼ਰਾ ਚੰਗਾ ਧਿਆਨ ਰੱਖਣਾ, ਇਸੇ ਰੋਗ ਨਾਲ ਮੇਰਾ ਰਿਸ਼ਤੇਦਾਰ ਮਰ ਗਿਆ ਸੀ।’

# ਸਮਾਜਿਕ ਮੁੱਦਿਆਂ ਦਾ ਚਿੰਤਤ ਲੇਖਕ :- ਮੱਖਣ ਸ਼ੇਰੋਂ ਵਾਲਾ



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਹਰ ਇਨਸਾਨ ਅੰਦਰ ਕੋਈ ਨਾ ਕੋਈ ਕਲਾ ਛੁਪੀ ਹੁੰਦੀ ਹੈ, ਉਸਨੂੰ ਅੰਦਰ ਛੁਪਾਈ ਨਾ ਰੱਖੋ, ਸਗੋਂ ਉਸਨੂੰ ਕਵਿਤਾਵਾਂ, ਗੀਤਾਂ, ਲੇਖਾਂ, ਕਹਾਣੀਆਂ ਰਾਹੀਂ ਲੋਕਾਂ ਵਿੱਚ ਲੈਕੇ ਆਓ ਤੇ ਚੰਗੇ ਸੂਝਵਾਨ ਲੋਕਾਂ ਦੀ ਪ੍ਰਤੀਕਿਰਿਆ ਤੇ ਸੁਝਾਅ ਲੈਕੇ ਆਪਣੀ ਕਲਾ ਨੂੰ ਹੋਰ ਨਿਖਾਰਨ ਦੀ ਕੋਸ਼ਿਸ਼ ਕਰੋ। ਅਜੋਕੇ ਦੌਰ ਵਿੱਚ ਤਾਂ ਤੁਸੀਂ ਸੋਸ਼ਲ ਮੀਡੀਆ ਜ਼ਰੀਏ ਆਪਣੀ ਕਲਾ ਨੂੰ ਲੋਕਾਂ ਤੱਕ ਆਸਾਨੀ ਨਾਲ ਪਹੁੰਚਾ ਸਕਦੇ ਹੋ। ਇਸੇ ਗੱਲ ਨੂੰ ਪੱਲੇ ਬੰਨ੍ਹ ਕੇ ਅਤੇ ਸੋਸ਼ਲ ਮੀਡੀਆ ਨੂੰ ਇੱਕ ਸਾਰਥਕ ਮੰਚ ਵਜੋਂ ਵਰਤਣ ਵਾਲਾ ਤੇ ਸੋਸ਼ਲ ਮੀਡੀਆ ਰਾਹੀਂ ਆਪਣੀ ਲਿਖਣ ਕਲਾ ਨੂੰ ਲੋਕਾਂ ਤਕ ਲੈਕੇ ਜਾਣ ਵਾਲਾ ਇੱਕ ਨਾਮ ਹੈ:-ਮੱਖਣ ਸ਼ੇਰੋਂ ਵਾਲਾ।

ਮੱਖਣ ਸ਼ੇਰੋਂ ਵਾਲਾ ਨੇ ਆਪਣੀਆਂ ਲਿਖੀਆਂ ਰਚਨਾਵਾਂ ਫੇਸਬੁੱਕ ਤੇ ਪਾਉਣੀਆਂ ਸ਼ੁਰੂ ਕੀਤੀਆਂ, ਜਿਸਦਾ ਲੋਕਾਂ ਵੱਲੋ ਵਧੀਆ ਅਤੇ ਉਤਸ਼ਾਹਪੂਰਨ ਹੁੰਗਾਰਾ ਮਿਲਣ ਲੱਗਿਆ। ਉਸਦੇ ਚਾਹੁਣ ਵਾਲਿਆਂ ਹੌਲ਼ੀ ਹੌਲ਼ੀ ਉਸਦੀਆਂ ਰਚਨਾਵਾਂ ਨੂੰ ਆਪਣੀ ਆਵਾਜ਼ ਵਿਚ ਗਾ ਕੇ ਸੋਸ਼ਲ ਮੀਡੀਆ ਤੇ ਪਾਉਣਾ ਸ਼ੁਰੂ ਕਰ ਦਿੱਤਾ। ਜਿਸ ਨਾਲ ਉਸਨੂੰ ਲਿਖਣ ਦੀ ਹੋਰ ਜਿਆਦਾ ਉਤਸ਼ਾਹ ਮਿਲਿਆ। ਉਸ ਦੀਆਂ ਲਿਖੀਆਂ ਰਚਨਾਵਾਂ ਰੋਜ਼ਾਨਾ ਛਪਦੇ ਵੱਖ ਵੱਖ ਪੰਜਾਬੀ ਅਖਬਾਰਾਂ ਵਿੱਚ ਛਪਣ ਲੱਗੀਆਂ, ਜੋ ਅਜੋਕੇ ਸਮਾਜਿਕ, ਰਾਜਨੀਤਕ, ਪਰਿਵਾਰਕ ਹਾਲਾਤਾਂ ਨੂੰ ਬਿਆਨ ਕਰਦੀਆਂ ਹਨ। ਮੱਖਣ ਸ਼ੇਰੋਂ ਵਾਲੇ ਦੀ ਹਰ ਇੱਕ ਲਿਖਤ ਸਮਾਜਿਕ ਸਮੱਸਿਆਵਾਂ ਦਾ ਸੱਚ ਬਿਆਨ ਕੀਤਾ ਹੁੰਦਾ ਹੈ,ਚਾਹੇ ਉਹ ਗਰੀਬਾਂ ਅਤੇ ਔਰਤਾਂ ਤੇ ਅੱਤਿਆਚਾਰ, ਸਮਾਜਿਕ ਨਾਬਰਾਬਰੀ, ਬੇਰੁਜ਼ਗਾਰੀ, ਰਾਜਨੀਤਕ ਤਾਣਾਬਾਣਾ, ਔਰਤਾਂ ਦੀ ਬੇਪਤੀ ਆਦਿ ਦੀ ਗੱਲ ਹੋਵੇ। ਉਸ ਦੀ ਲਿਖਤ ਸਿੱਖਿਆ ਅਤੇ ਸੇਧ ਦੇਣ ਦਾ ਉਪਰਾਲਾ ਹੁੰਦਾ ਹੈ। ਉਸ ਦੀਆਂ ਅੱਸੀ ਦੇ ਕਰੀਬ ਲਿਖਤਾਂ ਦੇਸ਼ ਅਤੇ ਵਿਦੇਸ਼ ਦੇ ਪੰਜਾਬੀ ਅਖਬਾਰਾਂ ਵਿੱਚ ਛਪ ਚੁੱਕੀਆਂ ਹਨ, ਜਿੰਨਾਂ ਵਿੱਚ ਕਵਿਤਾਵਾਂ, ਲੇਖ, ਗੀਤ ਤੇ ਕਹਾਣੀਆਂ ਹਨ। ਮੱਖਣ ਸ਼ੇਰੋਂ ਦੀਆਂ ਕਹਾਣੀਆਂ ਬੇਰੁਜ਼ਗਾਰੀ, ਜਾਤ-ਪਾਤ, ਅੱਤਿਆਚਾਰ, ਮਜਬੂਰੀ, ਬੇਬਸਾਹੀ, ਗਰੀਬੀ ਆਦਿ ਦਾ ਦਰਦ ਹੀ ਪੇਸ਼ ਕਰਦੀਆਂ ਹਨ। ਉਸ ਦੀਆਂ ਕੁੱਝ ਕਹਾਣੀਆਂ ਜਿਵੇਂ ਮਾਂ ਦਾ ਮਾਸਟਰ, ਜੀਤੀ ਦੀ ਅਜ਼ਾਦੀ, ਸਿਆਣਿਆਂ ਦੀ ਸਿਆਣਪ, ਬੇਫਿਕਰੇ ਲੋਕ, ਮਜਬੂਰੀ ਤੇ ਪਾਖੰਡ, ਦਿਹਾੜੀਦਾਰ ਦਾ ਪਹਿਰਾ ਤੇ ਚੰਦਰੀ ਗੋਲੀਬਾਰੀ ਆਦਿ ਹਨ।

ਮੱਖਣ ਸ਼ੇਰੋਂ ਵਾਲੇ ਦੀ ਮੁਲਾਕਾਤ ਪ੍ਰਸਿੱਧ ਪੰਜਾਬੀ ਗਾਇਕ ਮੇਜ਼ਰ ਰੱਖੜਾ ਨਾਲ਼ ਹੋਈ। ਮੇਜ਼ਰ ਰੱਖੜਾ ਨੇ ਮੱਖਣ ਸ਼ੇਰੋਂ ਵਾਲੇ ਦੇ ਗੀਤ ਸੁਣੇ ਤੇ ਆਪਣੀ ਆਵਾਜ਼ ਵਿੱਚ ਗੀਤ



’ਚੰਨਾਂ’ ਰਿਕਾਰਡ ਕੀਤਾ। ਜੋ ਕਿ ਪਿਛਲੇ ਦਿਨੀ ਰਿਲੀਜ਼ ਹੋਇਆ ਹੈ। ਸਰੋਤਿਆਂ ਦੁਆਰਾ ਇਸ ਗੀਤ ਨੂੰ ਮਣਾਂਮੂੰਹੀ ਪਿਆਰ ਦਿੱਤਾ ਜਾ ਰਿਹਾ ਹੈ।

ਮੱਖਣ ਸ਼ੇਰੋਂ ਵਾਲੇ ਦਾ ਜਨਮ ਇੱਕ ਗਰੀਬ ਭੱਠਾ ਮਜਦੂਰ ਭੱਪਾ ਸਿੰਘ ਤੇ ਮਾਤਾ ਪਰਮਜੀਤ ਕੌਰ ਦੇ ਘਰ 15 ਜੁਲਾਈ 1990 ਨੂੰ ਪਿੰਡ ਸ਼ੇਰੋਂ ਜਿਲ੍ਹਾ ਸੰਗਰੂਰ ਵਿਖੇ ਹੋਇਆ। ਘਰ ਦੀ ਗਰੀਬੀ ਦੇ ਬਾਵਜੂਦ ਮੱਖਣ ਸ਼ੇਰੋਂ ਨੇ ਕਦੇ ਵੀ ਆਪਣਾ ਹੌਸਲਾ ਨਹੀਂ ਢਹਿਣ ਦਿੱਤਾ ਤੇ ਘਰਦਿਆਂ ਨਾਲ ਭੱਠੇ ਦਾ ਕੰਮ ਕਰਾਉਂਦਿਆਂ ਐੱਮ.ਏ ਹਿਸਟਰੀ ਤੇ ਐੱਮ.ਐੱਡ ਦੀ ਉਚੇਰੀ ਪੜ੍ਹਾਈ ਵੀ ਕੀਤੀ ਤੇ ਹੁਣ ਵੀ ਐੱਮ.ਏ ਪੰਜਾਬੀ ਕਰ ਰਿਹਾ ਹੈ।

ਆਪਣੀ ਲਿਖਣ ਦੀ ਰੁਚੀ ਬਾਰੇ ਗੱਲ ਕਰਦਿਆਂ ਮੱਖਣ ਸ਼ੇਰੋਂ ਨੇ ਦੱਸਿਆ ਕਿ ਸਕੂਲ ਟਾਈਮ ਤੋਂ ਹੀ ਉਸਨੂੰ ਲਿਖਣ ਦਾ ਸ਼ੌਕ ਪੈਦਾ ਹੋ ਗਿਆ ਸੀ। ਦੋਸਤਾਂ ਮਿੱਤਰਾਂ ਤੇ ਸਕੂਲ ਅਧਿਆਪਕਾਂ ਨੇ ਉਸਨੂੰ ਲਿਖਣ ਦੀ ਹੱਲਾਸ਼ੇਰੀ ਦਿੱਤੀ।ਇੱਕ ਦੋਸਤ ਰਮਤਾ ਜੋਗੀ ਹੈ ਜੋ ਹਰ ਪਲ ਉਸ ਨਾਲ ਖੜ੍ਹਿਆ ਹੈ ਅਤੇ ਹੌਸਲਾ ਹਫ਼ਜਾਈ ਕਰਦਾ ਹੈ। ਉਸਦੇ ਭਰਾ ਪ੍ਰੀਤਪਾਲ ਸ਼ੇਰੋਂ ਦਾ ਵੀ ਉਸਨੂੰ ਪੂਰਾ ਸਹਿਯੋਗ ਮਿਲ ਰਿਹਾ ਹੈ ਤੇ ਹਰ ਇੱਕ ਰਚਨਾ ਲਿਖ ਕੇ ਇਹਨਾਂ ਨੂੰ ਵਿਖਾ ਕੇ ਫਿਰ ਪੂਰੀ ਕਰਦਾ ਹੈ। ਪ੍ਰੀਤਪਾਲ, ਯੋਧਾ ਦੋਦੜਾ, ਅਮਨ ਜਵਾਹਰਕੇ, ਲੱਖੀ ਅੜਕਵਾਸ ਤੇ ਬੱਗਾ ਸ਼ੇਰੋਂ ਸਮੇਤ ਹੋਰ ਵੀ ਕਈ ਨਾਮਵਰ ਹਸਤੀਆਂ ਨੇ ਉਸਦੀਆਂ ਲਿਖਤਾਂ ਦੀ ਤਾਰੀਫ ਕੀਤੀ ਹੈ। ਆਪਣੀਆਂ ਰਚਨਾਵਾਂ ਵਿੱਚ ਮੱਖਣ ਸ਼ੇਰੋਂ ਵਾਲਾ ਨੇ ਗਰੀਬ ਮਜਦੂਰਾਂ, ਅੰਧ ਵਿਸ਼ਵਾਸਾਂ ਚ ਫਸੇ ਲੋਕਾਂ, ਜੋਕਾਂ ਵਾਂਗੂ ਭੋਲੇ ਭਾਲੇ ਲੋਕਾਂ ਦਾ ਖ਼ੂਨ ਪੀਣ ਵਾਲੇ ਲੁਟੇਰੇ ਬਾਬਿਆਂ, ਕਿਸਾਨਾਂ ਦੇ ਦੁੱਖਾਂ, ਪੰਜਾਬ ਦੇ ਹਾਲਾਤਾਂ, ਬੇਰੁਜਗਾਰੀ ਦੀਆਂ ਮਾਰਾਂ ਝੱਲਦੇ ਨੌਜਵਾਨਾਂ ਦੀ ਗੱਲ ਬਾਖ਼ੂਬੀ ਕੀਤੀ ਹੈ। ਉਸ-ਦੀਆਂ ਰਚਨਾਵਾਂ ਤੋਂ ਪਤਾ ਚਲਦਾ ਹੈ ਕਿ ਉਹ ਤਨ ਤੇ ਹੰਢਾਈ ਗਰੀਬੀ ਦਾ ਦਰਦ ਨੂੰ ਸ਼ਬਦਾਂ ਚ ਪਰੋਅ ਦਿੱਤਾ ਹੈ। ਇਹਨਾਂ ਸਭ ਪ੍ਰੇਸ਼ਾਨੀਆਂ ਤੋਂ ਆਪਣੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਬਚਾਉਣਾ ਚਾਹੁੰਦਾ ਹੈ।

ਆਪਣੇ ਆਉਣ ਵਾਲੇ ਗੀਤਾਂ ਬਾਰੇ ਗੱਲ ਕਰਦਿਆਂ ਉਸਨੇ ਕਿਹਾ ਕਿ ਬਹੁਤ ਹੀ ਜਲਦ ਪ੍ਰਸਿੱਧ ਗਾਇਕ ਦਰਸ਼ਨ ਖੇਲਾ ਅਤੇ ਗਾਇਕ ਗਿੱਲ ਜਗਤਾਰ ਤੋਂ ਇਲਾਵਾ ਹੋਰ ਵੀ ਨਵੇਂ ਗਾਇਕਾਂ ਦੀ ਆਵਾਜ਼ ਉਸਦੇ ਗੀਤ ਆ ਰਹੇ ਹਨ।

ਅਸੀਂ ਦੁਆ ਕਰਦੇ ਹਾਂ ਕਿ ਇਹ ਨੌਜਵਾਨ ਮੱਖਣ ਸ਼ੇਰੋਂ ਵਾਲਾ ਦੀ ਕਲਮ ਇਸੇ ਤਰਾਂ ਚਲਦੀ ਰਹੀ ਤੇ ਮਾਂ ਬੋਲੀ ਪੰਜਾਬੀ ਦੀ ਝੋਲੀ ਵਿਚ ਸੋਹਣੇ ਸੋਹਣੇ ਤੇ ਸਭਿਆਚਾਰਕ ਗੀਤ, ਕਵਿਤਾਵਾਂ, ਕਹਾਣੀਆਂ ਪਾਉਂਦੀ ਰਹੇ। ਮੱਖਣ ਸ਼ੇਰੋਂ ਦੀ ਲਿਖੀ ਕਵਿਤਾ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ।

### ਬਾਪੂ....

ਕੁੱਖ ਚ ਮਾਰਨੋ ਤੈਨੂੰ ਮੈਂ ਹੀ ਬਚਾਇਆ ਸੀ,
ਜਿੰਨਾਂ ਲੱਗਿਆ ਜੋਰ ਦੂਜਿਆਂ ਨੇ ਤਾਂ ਲਾਇਆ ਸੀ,
ਪੁੱਤਾਂ ਨਾਲੋਂ ਵਧ ਕੇ ਤੈਨੂੰ ਲਾਡ ਲਡਾਇਆ ਸੀ,,
ਦਿਲੋਂ ਪਿਆਰ ਕੀਤਾ ਤੇ ਦਿਲੋਂ ਖਿਡਾਇਆ ਸੀ,,
ਹੋਈ ਵੱਡੀ ਤਾਂ ਪੜਨ ਸਕੂਲੇ ਪਾਇਆ ਸੀ,
ਮੈਂ ਕਿਸੇ ਗੱਲੋਂ ਵੀ ਨਾ ਧੀਏ ਘਬਰਾਇਆ ਸੀ,
ਹੋਗੀ ਪੜਾਈ ਪੂਰੀ ਸਕੂਲ ਦੀ ਕਾਲਜ ਲਾਇਆ ਸੀ,,
ਜੋ ਕਿਹਾ ਮੈਂ ਤੇਰਾ ਹਰ ਸੌਂਕ ਪੁਗਾਇਆ ਸੀ,,
ਤੂੰ ਧੀਏ ਸੋਚਕੇ ਕਦਮ ਚੁੱਕੀ ਸਮਝਾਇਆ ਸੀ,
ਤੇਰੇ ਕਰਕੇ ਮੈਂ ਘਰਦਿਆਂ ਨਾਲ ਵੈਰ ਪਾਇਆ ਸੀ,
ਤੇਰੇ ਖਾਤਿਰ ਮੈਂ ਬੜਾ ਦੁਖ ਤਨ ਤੇ ਹੰਢਾਇਆ ਸੀ,
ਬੜਾ ਸੁਣਿਆ ਲੋਕਾਂ ਤੋਂ ਦਿਲ ਤੇ ਨਾ ਲਾਇਆ ਸੀ,
ਕੀ ਬੀਤੀ ਨਾਲ ਮੇਰੇ ਜਦ ਵੀਡੀਓ ਆਇਆ ਸੀ,,
ਫਿਰ ਕੀ ਦੱਸਾਂ ਕਿੰਨਾਂ ਘਰਦਿਆਂ ਨੇ ਤਪਾਇਆ ਸੀ,
ਤੇਰੀ ਇਹ ਗਲਤੀ ਨੇ ਰੱਸਾ ਗਲ ਪਵਾਇਆ ਸੀ,
ਮੈਂ ਤਾਂ ਤੈਨੂੰ ਜਾਲਮਾਂ ਕੋਲੋਂ ਧੀਏ ਬਚਾਇਆ ਸੀ,,
ਪਰ ਤੇਰੀਆਂ ਹਰਕਤਾਂ ਨੇ ਮਾਰ ਮੁਕਾਇਆ ਸੀ,
ਇਹ ਦੱਸਣ ਲਈ ਤੇਰਾ ਬਾਪੂ ਸੁਪਨੇ ਚ ਆਇਆ ਸੀ,




## Thinking of Buying or Selling Houses or Businesses within Sacramento to Bay Area?

**ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404**




3 bdrms, 2.0 Full Baths
1, 145 sq. ft.
Listing Price: $ 259,000




4 bdrms, 2.0 full bath
1,596 sq ft
Lot size: 6,098
Listing Price: $289,900




5 Beds, 3 Baths
4088 Sf
Listing Price: $649,000




4 Beds, 2.5 Baths,
1811 Sf
Listing Price: $ 409,900




4 Beds, 3 Baths,
Sf 3412, 1.82 Acres
Listing Price: $ 899,000




3-4 bdrm, 2.0 full bath
1,492 sq ft
Lot size: 6,469
Listing Price: $299,000




5 bdrm, 2.5 full bath
2,504 sq ft
Lot size: 6,574
Listing Price: $399,000




Beer & Wine
Store for Sale in Sacramento
Monthly Gross: $65K Month
Listing Price $299,000




Liquor Store
Store for Sale in Santa Clara
Monthly Gross: $90K Month
Listing Price $649,000




3 bdrms, 1.0 full bath
1037 sq ft Lot size: 6098
Listing Price; $299,000
Close to UC Davis Medical Center




Indian Restaurant
for Sale in Sacramento
Listing Price: 149,000




BERKSHIRE HATHAWAY
Home Services

## Buying or Selling Hotels and Gas Stations? Call Now- 916-271-5404

## OFFICE: 7412 ELSIE AVE., SACRAMENTO, CA 95828

Supreme Council of Sri Guru Ravidass Sabhas (USA)



2150 Crestview Drive, Pittsburg, CA 94565

Congratulations to Gurughar Committee and the entire Sangat

on 26th Anniversary of Sri Guru Ravidass Temple, Rio Linda (Sacramento)

May Satguru ji Bless HIS Sangat with Good Health, Harmony and Prosperity.

## Supreme Council of Sri Guru Ravidass Sabhas (USA)

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## Programs at Sri Guru Ravidass Temple Pittsburg in October- November 2018

**October 5-6-7, 2018 78th Barsi of Hazoor Shri Nabh Kanwal Raja Sahib**

The blessed and dedicated families are conducting the three days service of Akhand Path Sahib and Langar Sewa in the loving memories of Braham Giani Bhagwan Dass "Raja Sahib" on the occasion of his 78th Barsi. The Akhand Path will start at 10:00 AM on Friday, October 5 and conclude on Sunday, October 7, 2018. Prominent Kirtani Jatha of Bhai Khem Singh ji and Jatha of Giani Gurnam Singh & Giani Ompal Singh will delight SANGAT with their melodious KIRTAN. May Akal Purakh bless HIS devotees.

**October 14, 2018 Sukhmani Sahib Path and Langar Sewa by Gurughar *****

**HEALTH CLINIC 10:00 AM – 2:00 PM**

The UC Berkeley Student Organization, Bhagat Puran Singh Health Initiative (BPSHI) will be providing a health screening process for you with the following services

- Doctor consultation based on blood pressure, blood sugar, and BMI readings
- Health education to promote improved diet, better lifestyle, and wellness
- Advice on insurance enrollment (including MediCal/Medicare)
- Please come out! We look forward to having a conversation with you about health!

**October 21, 2018 Sukhmani Sahib Path and Langar Sewa by Gurughar*****

**October 28, 2018**

**Sri Sukhmani Sahib Path and Langar Sewa by Harjit Singh Rattu & Saroj Rattu**

Sri Sukhmani Sahib Path and Langar Sewa will be hosted by Harjit Singh Rattu and Saroj Rattu in celebration of their daughter (Granddaughter of Bhai Harbans Rattu and Bibi Gyan Kaur Rattu) Neha Rattu's 5th Birthday. May Waheguru bless Neha Rattu with happy healthy and long life.

**November 7, 2018 (Wednesday) - Diwali Celebrations**

Ramesh Suman, Gyan Suman and family will host Diwali celebration in Gurughar. Sukhmani Sahib Path will start at 6:00 PM. After, Sukhmani Sahib path and Kirtan; Parsad, sweets and GURU KA LANGAR will be served. Please bring a candle to light that day.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**

**WASH, LUBE, BRAKES**

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**

Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust